# ਗਿਰਝਾਂ ਹਵਾਲੇ

(ਗ਼ਜ਼ਲ ਸੰਗ੍ਰਹਿ)

**ਪਹਿਲਾਂ ਕੱਤੀਆਂ ਪੂਣੀਆਂ :**

| | | |
|---|---|---|
| 1. ਉਦਾਸ ਮੌਸਮ | ਕਾਵਿ-ਸੰਗ੍ਰਹਿ | (1978) |
| 2. ਅਹਿਸਾਸ ਦੀ ਅੱਗ | ,, | (1988) |
| 3. ਸਰਾਪੇ ਪਲ | ,, | (1991) |
| 4. ਸੂਰਜ ਅਤੇ ਸਿਜਦਾ | ,, | (1994) |
| 5. ਪੀੜ ਦਾ ਦਰਿਆ | ਗ਼ਜ਼ਲ ਸੰਗ੍ਰਹਿ | (1996) |
| 6. ਡਾਚੀਆਂ ਦੀ ਪੈੜ | ,, | (1999) |
| 7. ਜ਼ਿੰਦਗੀ ਖ਼ੁਦਕੁਸ਼ੀ ਨਹੀਂ | ਕਾਵਿ ਸੰਗ੍ਰਹਿ | (2003) |
| 8. ਧੁੱਪਾਂ 'ਚ ਤੁਰਦਿਆਂ | ਗ਼ਜ਼ਲ ਸੰਗ੍ਰਹਿ | (2008) |
| 9. ਸਪਤਰਿਸ਼ੀ | ਚੋਣਵੀਂ ਕਵਿਤਾ | (2009) |

# ਗਿਰਝਾਂ ਹਵਾਲੇ

(ਗ਼ਜ਼ਲ ਸੰਗ੍ਰਹਿ)

**ਭਜਨ ਸਿੰਘ ਵਿਰਕ**

# Girjhan Hawale

**(In Custody of Vultures)**

*Ghazals*

*By*

**Bhajan Singh Virk**
V.P.O. VIRK-144632, Distt : JALANDHAR
Tel : 01826-278266, Mob : 99159-09441

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2011*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਵਰਤਮਾਨ ਦੀ ਪਨੀਰੀ, ਭਲਕ ਦੇ ਵਾਰਿਸ

ਗੁਰਲੀਨ ਤੇ ਪਰਵੀਰ

ਨੂੰ

ਫੁੱਲਾਂ ਵਿੱਚ ਲਕੋ ਕੇ ਕੰਡੇ ਕੀ ਦੇਣੇ!
ਚੋਭ ਕਿਸੇ ਦੇ ਲੱਗੇ ਤਾਂ ਉਹ ਜਾਗੇਗਾ!!

# ਤਤਕਰਾ


- ਭੂਮਿਕਾ/ਸੁਲੱਖਣ ਸਰਹੱਦੀ 11
- ਦੋ ਪਲ 17
- ਚੋਰਾਂ 'ਚ ਖੇਡਦੇ ਹਾਂ 18
- ਮੈਂ ਪਿਆਰ ਲਈ ਜੀਵਾਂ 20
- ਕਹਾਉਣਾ ਐਟਮੀ ਸ਼ਕਤੀ 21
- ਪਹਿਰਾਵਿਆਂ 'ਚ ਉਲਝੀ 22
- ਅਣਖ ਮਗ਼ਰੂਰ ਲਗਦੀ ਹੈ 23
- ਅੱਖਾਂ ਨਾ ਦਿਖਾ ਮੈਨੂੰ 24
- ਸ਼ੀਸ਼ਾ ਜੋ ਖਿਲਰਿਆ ਹੈ 25
- ਗੀਤਾਂ ਵਿਚਲੀ ਖ਼ੁਸ਼ਬੋ 26
- ਹਰ ਰੁੱਖ ਮੇਰਾ ਹੈ 27
- ਜ਼ਮਾਨਾ ਚੋਰਾਂ ਦਾ 28
- ਅਪਣੇਪਨ ਦੀ ਖ਼ੁਸ਼ਬੋ 30
- ਮੂਰਖ ਦਾ ਮੂਰਖ 31
- ਦੋ ਡੰਗ ਦੀ ਰੋਟੀ 32
- ਰੰਗਣ ਵਾਲਾ ਮਾਹਿਰ 33
- ਹੰਝੂ 34
- ਮੌਤ ਬੁਲਾਈ ਜਾਂਦੇ ਹੋ 36
- ਹਯਾਤੀ ਮਾਰਦੀ ਧਾਹਾਂ 37
- ਅਹਿਸਾਸ ਮੁਹੱਬਤ ਦਾ 38
- ਕੁਲ ਕੁੜੱਤਣ 39

- ਕੁਛ ਕਰੋ ਹੁਣ ਦੋਸਤੋ 40
- ਟੋਹ ਟੋਹ ਤੁਰਨਾ 42
- ਦਿਲਾਂ ਵਿਚ ਮੁਹੱਬਤ 43
- ਰੁੱਸ ਗਈ ਕਾਇਨਾਤ 44
- ਖ਼ੁਦਾ ਦਾ ਅਕਸ 45
- ਮੁਹੱਬਤ ਭਰੀ ਜ਼ਿੰਦਗੀ 46
- ਸਜਾਵਟ ਕਰ ਨਹੀਂ ਸਕਦੇ 47
- ਜੀਭ ਸਾਡੀ 'ਤੇ 48
- ਔਕੜਾਂ ਟਲ਼ ਜਾਂਦੀਆਂ 49
- ਪਿਆਰ-ਮੁਹਾਰਨੀਆਂ 50
- ਜ਼ਿਆਰਤ ਹੋ ਗਈ ਸਮਝਾਂ 51
- ਜ਼ਿੰਦਗੀ ਉਪਰਾਮ ਹੈ 52
- ਸੁਹੱਪਣ ਦੀ ਨਦੀ 54
- ਮਖ਼ਲੂਕ ਮਰਦੀ ਹੈ 55
- ਬਸਤਾ-ਬੋਅ 56
- ਜ਼ਹਿਰ ਵਰਗਾ ਕੁਛ ਵੀ 57
- ਗਿਰਝਾਂ ਹਵਾਲੇ 58
- ਵਤਨ ਦੀ ਆਬਰੂ ਵਰਗਾ 59
- ਦਿਨ-ਦਿਹਾੜੇ 60
- ਸਵੈ ਮੇਰਾ ਗੁਆਚਾ ਹੈ 61
- ਸਾਥੀ ਇਕਾਂਤ ਮੇਰਾ 62
- ਧੀ ਕਿਸੇ ਖ਼ੁਸ਼ਬੂ ਜਿਹੀ 63

- ਮਿੱਟੀ 'ਚ ਨਾ ਰੋਲ਼ੋ 64
- ਹਵਾ ਚੁੱਕੀ ਫਿਰੇ 66
- ਵਜਦੇ ਗੀਤਾਂ ਨੇ 67
- ਪੇਟ ਤੇ ਹਾਲਾਤ 68
- ਰੌਸ਼ਨੀ ਦੇ ਰੰਗ 69
- ਰਿਸ਼ਤਿਆਂ ਦੀ ਹੱਤਕ 70
- ਇਕ ਸ਼ਰਤ ਹੈ ਜ਼ਰੂਰੀ 71
- ਧੋਖੇਬਾਜ਼ਾਂ ਨੂੰ 72
- ਹਨ੍ਹੇਰੀ ਰਾਤ ਰਹਿਣੀ ਹੈ 73
- ਪੰਜਾਬ 'ਚ ਬਿਪਤਾ ਪਾਉਂਦਾ ਹੈ 74
- ਮੁਹੱਬਤ ਇਕ ਤੜਪ 76
- ਗ਼ਰੀਬਾਂ ਵਾਸਤੇ 77
- ਤੁਸੀਂ ਹੀ ਜਣੇ ਨੇ 78
- ਮਾਰੂਥਲ ਵਿਚ 79
- ਭੱਠ ਪਵੇ ਉਹ ਸੋਨਾ 80
- ਜੋਕਾਂ ਨੇ 81
- ਰੁੱਕਾ 82
- ਮੇਰੀ ਚੁੱਪ ਵਿਚ 83
- ਸਦਕੇ ਜਾਵਾਂ 84
- ਸ਼ਬਦਾਂ ਦੀ ਬੂਟੀ 85
- ਕਾਰਡ (ਸੱਦਾ-ਪੱਤਰ) 86

# ਭੂਮਿਕਾ

## ਸਮਾਜਿਕ ਯਥਾਰਥ ਦੀ ਪੇਸ਼ਕਾਰੀ ਗ਼ਜ਼ਲ ਸੰਗ੍ਰਹਿ 'ਗਿਰਝਾਂ ਹਵਾਲੇ'

ਪੰਜਾਬੀ ਗ਼ਜ਼ਲ ਹੁਣ ਕੇਵਲ ਨਿਜਗਤ ਭਾਵਾਂ ਦੀ ਪੇਸ਼ਕਾਰੀ ਤੱਕ ਮਹਿਦੂਦ ਨਾ ਰਹਿ ਕੇ ਸਮਾਜਿਕ ਸਰੋਕਾਰਾਂ ਦੀ ਜ਼ੁਬਾਨ ਬਣ ਗਈ ਹੈ। ਕੁਝ ਸਾਲ ਪਹਿਲਾਂ ਗ਼ਜ਼ਲ ਕਾਵਿ ਰੂਪ ਨੂੰ ਇਕੱਲੇ ਕਾਰੇ ਨਿਰਾਸ਼, ਬੇਬਸ, ਉਦਾਸ ਅਤੇ ਹਾਰੇ ਹੁੱਟੇ ਮਨੁੱਖ ਦੀ ਚੀਕ ਬੁਲਬੁਲੀ ਸਮਝਿਆ ਜਾਂਦਾ ਸੀ। ਪਰ ਅੱਜ ਇਸ ਕਾਵਿ ਰੂਪ ਵਿਚ ਉਹ ਸਾਰੇ ਗੁਣ ਵਿਦਮਾਨ ਹਨ, ਜਿਨ੍ਹਾਂ ਨਾਲ ਪੰਜਾਬੀ ਸੱਭਿਆਚਾਰ ਦੇ ਸਾਰੇ ਅੰਗਾਂ ਦਾ ਵਰਨਣ ਵੇਖਿਆ ਜਾ ਸਕਦਾ ਹੈ। ਹੁਣ ਗ਼ਜ਼ਲ ਦੇ ਅਰਥ 'ਖ਼ੂਬਸੂਰਤ ਔਰਤਾਂ ਨਾਲ ਗੱਲਾਂ' ਨਹੀਂ ਹਨ ਅਤੇ ਨਾ ਹੀ ਕਿਸੇ ਜ਼ਖ਼ਮੀ ਹਰਨੋਟੇ ਦੀਆਂ ਦੁਖਦਾਈ ਕੁਰਲਾਹਟਾਂ ਹਨ। ਫਾਰਸੀ, ਅਰਬੀ ਤੇ ਉਰਦੂ ਗ਼ਜ਼ਲ ਲੰਮਾ ਸਮਾਂ ਆਪਣੇ ਪਰਿਭਾਸ਼ਤ ਤੇ ਸੂਤਰਕ ਅਰਥਾਂ ਨਾਲ ਬੱਝੀ ਰਹੀ ਹੈ। ਪੰਜਾਬੀ ਗ਼ਜ਼ਲ ਨੇ ਪੰਜਾਬੀ ਵਿਚ ਜਿਸ ਪਹਿਰਾਵੇ ਨਾਲ ਪ੍ਰਵੇਸ਼ ਕੀਤਾ, ਉਹ ਪੰਜਾਬੀਆਂ ਨੇ ਪਸੰਦ ਨਹੀਂ ਸੀ ਕੀਤਾ। ਇਸ ਲਈ ਪੰਜਾਬੀ ਗ਼ਜ਼ਲ ਵਿਚ ਜਾਮ ਸੁਰਾਹੀ, ਗੋਰੀਆਂ ਬਾਹਾਂ, ਆਸ਼ਕ ਮਸ਼ੂਕ ਦੇ ਆਪਸੀ ਤਾਹਨੇ ਮਿਹਣੇ, ਵਿਛੋੜੇ ਦਾ ਸੱਲ ਅਤੇ ਸਾਕੀ ਦੇ ਤਰਲੇ ਖ਼ਾਰਜ ਹੋ ਗਏ। ਪੰਜਾਬੀ ਵਿਚ ਲਿਖਦੇ ਕੁੱਝ ਉਰਦੂ ਗ਼ਜ਼ਲ ਦੇ ਨਕਲਚੂਆਂ ਨੇ ਸ਼ਿਅਰਾਂ ਵਿਚ ਮੁਜਰਾਵਾਦ ਅਤੇ ਸ਼ਰਾਬੀਪਣ ਦਾ ਮੁਜ਼ਾਹਰਾ ਕੀਤਾ ਪਰ ਉਨ੍ਹਾਂ ਨੂੰ ਸਵੀਕਾਰਿਆ ਨਾ ਗਿਆ। ਪੰਜਾਬੀ ਗ਼ਜ਼ਲ ਦਾ ਚਿਹਰਾ ਜਿਹੜਾ ਲੋਕ ਪ੍ਰਵਾਨ ਚੜ੍ਹਿਆ, ਉਹ ਅਜੋਕੀ ਗ਼ਜ਼ਲ ਦੇ ਚਿਹਨਾਂ ਵਾਲਾ ਹੀ ਸੀ। ਗ਼ਜ਼ਲ ਨੇ ਪੰਜਾਬੀ ਵਿਚ ਸਥਾਪਿਤ ਹੁੰਦਿਆਂ ਆਪਣੇ ਨਾਲੋਂ ਸਭ ਪੁਰਾਣੀਆਂ ਪਰਿਭਾਸ਼ਾਵਾਂ ਲਾਹ ਵਗਾਹੀਆਂ ਹਨ। ਅੱਜ ਗ਼ਜ਼ਲ ਦੇ ਪ੍ਰੰਪਰਾਗਤ ਅਰਥ ਨਹੀਂ ਲਏ ਜਾ ਸਕਦੇ। ਅਜੋਕੀ ਗ਼ਜ਼ਲ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਕ ਮੁੱਦਿਆਂ ਨੂੰ ਪੂਰੀ ਪਰਬੀਨਤਾ ਨਾਲ ਪੇਸ਼ ਕਰ ਰਹੀ ਹੈ। ਉਸ ਵਿਚ ਪੰਜਾਬੀ ਜਨ-ਜੀਵਨ ਦਾ ਹਰ ਰੰਗ ਸ਼ਾਮਿਲ ਹੈ। ਅਜੋਕੀ ਗ਼ਜ਼ਲਕਾਰੀ ਕਿਸੇ ਇਕ ਰੰਗ ਦੀ ਨਹੀਂ, ਸਗੋਂ ਉਸ ਵਿਚ ਉਹ ਅਨੇਕਾਂ ਰੰਗ ਹਨ ਜਿਹੜੇ ਪੰਜਾਬੀ ਸਮਾਜ ਵਿਚ ਵਿਦਮਾਨ ਹਨ। ਉਹ ਭਾਵੇਂ ਜਗਤਾਰ ਹੋਵੇ ਜਾਂ ਪਾਤਰ, ਲੋਕਾਂ ਨੇ ਉਹਨਾਂ ਦੇ ਉਹੀ ਸ਼ਿਅਰ ਦਿਲ ਨਾਲ ਲਾਏ ਹਨ, ਜਿਨ੍ਹਾਂ ਵਿਚ ਪੰਜਾਬੀ ਵਿਰਸੇ ਦਾ ਸੁਭਾਅ ਸ਼ਾਮਿਲ ਹੈ। ਸਮਾਜਵਾਦੀ ਸੋਚ, ਲੋਕ ਸ਼ਕਤੀ ਦੀ ਚੇਤਨਾ

ਅਤੇ ਸੰਘਰਸ਼ਾਂ ਦੀ ਪੁੱਠ ਅੱਜ ਗ਼ਜ਼ਲ ਨੂੰ ਚਾਰ ਚੰਨ ਲਾ ਰਹੀ ਹੈ। ਹੁਣ ਸ਼ਿਅਰਕਾਰੀ ਸਮੂਹਕ ਭਾਵਾਂ ਦੀ ਪੇਸ਼ਕਾਰੀ ਬਣ ਕੇ ਸਾਹਮਣੇ ਆਈ ਹੈ। ਮੈਂ ਤੋਂ ਅਸੀਂ ਦਾ ਸਫ਼ਰ ਕਰਦਿਆਂ ਪੰਜਾਬੀ ਗ਼ਜ਼ਲ ਨੇ ਕੇਵਲ 100 ਕੁ ਸਾਲ ਹੀ ਲਏ ਹਨ। ਅਜੋਕੇ ਗ਼ਜ਼ਲਕਾਰਾਂ ਦਾ ਅਨੁਭਵ ਕਾਲਪਨਿਕ ਅਤੇ ਵਿਅਕਤੀਗਤ ਰੁਦਨ ਦਾ ਖਲਜਗਣ ਨਹੀਂ, ਸਗੋਂ ਉਹਨਾਂ ਦੇ ਸ਼ਿਅਰਾਂ ਵਿਚ ਵਿਵੇਕ ਬੁੱਧ, ਚਿੰਤਨਸ਼ੀਲਤਾ, ਚੇਤਨਤਾ ਅਤੇ ਨਵੇਂ ਦ੍ਰਿਸ਼ਟੀਕੋਣ ਰੌਸ਼ਨ ਸਿਤਾਰਿਆਂ ਵਾਂਗ ਜਗਮਗਾ ਰਹੇ ਹਨ। ਸਾਡੇ ਹਜ਼ਾਰਾਂ ਪੰਜਾਬੀ ਗ਼ਜ਼ਲਗੋ ਆਪਣੀ ਵਿਲੱਖਣਤਾ ਕਰਕੇ ਸਥਾਪਿਤ ਹਨ ਕਿਉਂਕਿ ਪੰਜਾਬੀ ਸੱਭਿਆਚਾਰ ਬਜ਼ਾਤੇ ਖ਼ੁਦ ਸੰਸਾਰ ਦੇ ਸੱਭਿਆਚਾਰਾਂ ਵਿਚੋਂ ਵਿਲੱਖਣ ਹੈ। ਪੰਜਾਬੀ ਗ਼ਜ਼ਲ ਨਰੋਈ ਤੇ ਸਿਹਤਮੰਦ ਹੈ। ਇਹ ਨਵੇਂ ਜ਼ਾਵ੍ਹੀਏ ਅਤੇ ਦਿਸਹੱਦਿਆਂ ਦੀ ਤਲਾਸ਼ ਵਿਚ ਅਗਰਸਰ ਹੈ। ਇਸ ਵਿਚ ਨਵੇਂ ਅਨੁਭਵ ਅਤੇ ਯਥਾਰਥ-ਬੋਧ ਸ਼ਾਮਿਲ ਹੋ ਰਹੇ ਹਨ। ਪੰਜਾਬੀ ਗ਼ਜ਼ਲਕਾਰ ਪੂਰਣ ਧਾਰਨਾਵਾਂ ਦੀ ਲਕੀਰ ਦੇ ਫ਼ਕੀਰ ਨਹੀਂ, ਸਗੋਂ ਉਹਨਾਂ ਦੇ ਮੱਥਿਆਂ ਵਿਚ ਰਾਜਨੀਤਕ ਆਰਥਿਕ, ਸਮਾਜਿਕ ਅਤੇ ਰਾਜਨੀਤਕ ਸਮੱਸਿਆਵਾਂ ਪ੍ਰਤੀ ਸੂਖ਼ਮ-ਭਾਵੀ ਸੁਰਜੀ ਪ੍ਰਗਟਾਵੇ ਹਨ। ਉਹ ਅਜੋਕੇ ਯੁਗ ਨੂੰ ਅਨੇਕਾਂ ਦ੍ਰਿਸ਼ਟੀਕੋਣਾਂ ਤੋਂ ਨਿਰਖਣ ਪਰਖਣ ਦੀ ਜਾਚ ਰਖਦੇ ਹਨ। ਅੱਜ ਸਮਾਜ ਪਹਿਲਾਂ ਵਾਂਗ ਸਰਲ ਨਹੀਂ। ਇਸ ਜਟਿਲ ਵਰਤਾਰੇ ਦੀ ਤਹਿ ਤੱਕ ਜਾ ਕੇ ਹੀ ਸਾਰਥਿਕ ਸ਼ਿਅਰਾਂ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਅੱਜ ਸੰਸਾਰ ਦੀ ਰਾਜਨੀਤੀ ਅਤੇ ਆਰਥਿਕ ਲੁੱਟ ਘਸੁੱਟ, ਸ਼ੋਸ਼ਣ ਦਾ ਹਥਿਆਰ ਬਣ ਚੁੱਕੀ ਹੈ। ਸ਼ੋਸ਼ਕ ਕੋਲ ਸਾਰੇ ਹੀ ਪ੍ਰੰਪਰਾਗਤ ਸਾਧਨਾਂ ਦੇ ਨਾਲ-ਨਾਲ ਮੀਡੀਏ ਵਰਗੇ ਹਥਿਆਰ ਵੀ ਆ ਚੁੱਕੇ ਹਨ। ਆਮ ਆਦਮੀ ਹੋਰ ਵੀ ਵੱਧ ਮੱਕੜਜਾਲ ਵਿਚ ਫਸ ਚੁੱਕਾ ਹੈ। ਮਜ਼ਦੂਰ ਦੀ ਲੁੱਟ ਸਾਰੇ ਨੈਤਿਕ ਪੁਲ ਢਾਹ ਚੁੱਕੀ ਹੈ। ਔਰਤ ਨੂੰ ਨਵੀਂ ਰੌਸ਼ਨੀ ਤੇ ਆਜ਼ਾਦੀ ਦੇ ਨਾਮ ਉੱਤੇ ਨਗਨ ਕਰਕੇ ਸਰਮਾਏਦਾਰ ਵਿਉਪਾਰੀ ਵੱਲੋਂ ਮਸ਼ਹੂਰੀ ਲਈ ਵਰਤਿਆ ਜਾ ਰਿਹਾ ਹੈ। ਮਹਿੰਗਾਈ ਸਾਰੇ ਰਿਕਾਰਡ ਤੋੜ ਚੁੱਕੀ ਹੈ ਪਰ ਆਮਦਨਾਂ ਵਿਚ ਨਿਘਾਰ ਹੈ। ਬੇਰੁਜ਼ਗਾਰੀ ਦਾ ਦੈਂਤ ਨੌਜੁਆਨਾਂ ਅਤੇ ਮੁਟਿਆਰਾਂ ਨੂੰ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਵੱਲ ਧਕੇਲ ਰਿਹਾ ਹੈ। ਥਾਣੇਦਾਰ ਜੱਜ ਬਣ ਗਏ ਹਨ। ਧਰਮ ਦਾ ਚਲਨ ਅਧਰਮ ਜਿਹਾ ਹੋ ਗਿਆ ਹੈ। ਸ਼ਬਦ ਨਾਲੋਂ ਗੋਲ੍ਹਕ ਦੀ ਵੱਧ ਮਾਨਤਾ ਹੈ। ਸੰਤ ਅਤੇ ਸੰਤਾਂ ਦੇ ਡੇਰੇ ਰਾਜਨੀਤਕਾਂ ਦੀਆਂ ਕਾਰਾਂ ਦੇ ਚਾਲਕ ਹਨ। ਇਸੇ ਲਈ ਸਾਡੇ ਪੰਜਾਬੀ ਗ਼ਜ਼ਲਕਾਰ ਤਿੱਖੀਆਂ ਜਮਾਤੀ ਵੰਡਾਂ, ਤਣਾਵਾਂ ਤੇ ਟਕਰਾਵਾਂ ਵਿਚ ਵਿਚਰਦੇ ਹੋਏ ਜ਼ੁਲਮ ਵਿਰੁੱਧ ਅਤੇ ਔਰੰਗਸ਼ਾਹੀਆਂ ਵਿਰੁੱਧ ਏਕੇ ਤੇ ਸੰਘਰਸ਼ਾਂ ਦਾ ਸੁਨੇਹਾ ਵੀ ਦੇ ਰਹੇ ਹਨ ਪਰ ਇੰਜ ਕਰਦਿਆਂ ਉਹ ਸ਼ਿਅਰ ਨੂੰ ਨਾਅਰਾ ਨਹੀਂ ਬਣਨ ਦੇਂਦੇ। ਉਹ ਲੋਕਾਂ ਦੀਆਂ ਹਥੇਲੀਆਂ ਉੱਤੇ ਨਵੇਂ

ਸੁਪਨੇ ਧਰਦੇ ਅਤੇ ਦੀਵੇ ਡੌਲਣ ਦਾ ਵੱਲ ਸਿਖਾਉਂਦੇ ਹਨ। ਸਾਡੇ ਗ਼ਜ਼ਲਕਾਰ ਸਮਾਜ ਅਤੇ ਆਪਣੇ ਵਿਰਸੇ ਨਾਲ ਜੁੜ ਕੇ ਸ਼ਿਅਰ ਸਿਰਜਣਾ ਕਰ ਰਹੇ ਹਨ। ਉਹਨਾਂ ਦਾ ਸਫ਼ਰ ਖੁੱਲ੍ਹੀਆਂ ਅੱਖਾਂ ਦਾ ਸਫ਼ਰ ਹੈ।

ਗ਼ਜ਼ਲਕਾਰ ਭਜਨ ਸਿੰਘ ਵਿਰਕ ਪੰਜਾਬੀ ਦੇ ਉਹਨਾਂ ਸਿਰਕੱਢ ਚੋਣਵੇਂ ਸ਼ਾਇਰਾਂ 'ਚੋਂ ਇਕ ਹੈ, ਜਿਨ੍ਹਾਂ ਨੇ ਆਪਣੀ ਸ਼ਿਅਰਕਾਰੀ ਨੂੰ ਆਪਣਾ ਨਾਮ ਚਮਕਾਉਣ ਲਈ ਹੀ ਨਾ ਵਰਤ ਕੇ ਲੋਕਾਂ ਦੇ ਦੁੱਖਾਂ, ਦਰਦਾਂ, ਤਕਲੀਫ਼ਾਂ ਤੇ ਤੰਗੀਆਂ ਤੁਰਸ਼ੀਆਂ ਦੀ ਪੇਸ਼ਕਾਰੀ ਦੇ ਲੇਖੇ ਲਾਇਆ ਹੈ। ਉਹ ਵਿਵੇਕਸ਼ੀਲ ਸ਼ਿਅਰ-ਸਿਰਜਕ ਹੈ ਅਤੇ ਆਧੁਨਿਕ ਮਨੁੱਖ ਅਤੇ ਸਮਾਜ ਦੀਆਂ ਜਟਿਲਤਾਵਾਂ ਨੂੰ ਸਮਝਦਾ ਹੋਇਆ ਉਹਨਾਂ ਪ੍ਰਤੀ ਸ਼ਿਅਰੀ ਨੁਹਾਰ ਪੇਸ਼ ਕਰਦਾ ਹੈ। ਉਸ ਦੇ ਸ਼ਿਅਰਾਂ ਵਿਚ ਮੱਧ-ਸ਼੍ਰੇਣਕ ਦੁਬਿਧਾ, ਧਾਰਮਕਅੰਧਤਾ, ਰਾਹੋਂ ਲੱਥੀ ਰਾਜਨੀਤੀ ਅਤੇ ਆਰਥਿਕ ਲੁੱਟ-ਘਸੁੱਟ ਦੇ ਨਾਲ-ਨਾਲ ਔਰਤ ਜਾਤੀ ਦੀ ਹੋ ਰਹੀ ਦੁਰਗਤੀ ਦੇ ਵਿਰੋਧ ਵਿਚ ਸਸ਼ਕਤ ਅਵਾਜ਼ ਉਭਰਦੀ ਪ੍ਰਤੀਤ ਹੁੰਦੀ ਹੈ। ਭਜਨ ਸਿੰਘ ਵਿਰਕ ਇਕ ਐਸਾ ਸਮਰਥਾਵਾਨ ਸ਼ਿਅਰਕਾਰ ਹੈ ਜਿਹੜਾ ਕਰੀਬ ਪਿਛਲੇ 40 ਸਾਲਾਂ ਤੋਂ ਸ਼ਬਦ ਸਿਰਜਣਾ ਨਾਲ ਨੇੜਿਉਂ ਜੁੜਿਆ ਹੋਇਆ ਹੈ। ਉਸਦੇ ਸ਼ਿਅਰਾਂ ਦੀ ਵਕਤ ਅਨੁਸਾਰੀ ਰਹਿ ਕੇ ਪਰਿਭਾਸ਼ਾ, ਸਰੂਪ ਅਤੇ ਪ੍ਰਕਿਰਤੀ ਨਿਰੰਤਰ ਵਿਕਾਸਸ਼ੀਲ ਰਹੀ ਹੈ। ਏਸੇ ਲਈ ਉਸਦੀ ਗ਼ਜ਼ਲ ਦੀ ਲੋਕ ਮਾਨਤਾ ਅਤੇ ਲੋਕ ਹਰਮਨ ਪਿਆਰਤਾ ਹੈ। ਉਸ ਦੀਆਂ ਗ਼ਜ਼ਲਾਂ ਵਿਚ ਨਿੱਕੀ ਕਿਸਾਨੀ ਦਾ ਦਰਦ, ਹੋਟਲਾਂ ਉੱਤੇ ਬਰਤਨ ਮਾਂਜਦੇ ਬਾਲ, ਮਿਹਨਤਕਸ਼ ਲੋਕਾਂ ਦੀ ਲੁੱਟ, ਖੇਤ ਮਜ਼ਦੂਰਾਂ ਅਤੇ ਹੇਠਲੇ ਦਰਜੇ ਦੇ ਸ਼ਹਿਰੀਆਂ ਦੀਆਂ ਭਾਵਨਾਵਾਂ ਯੁਕਤ ਪ੍ਰਗਟਾਵੇ ਹਨ। ਉਹ ਆਪਣੇ ਮਨੋਰਥ ਨੂੰ ਬੇਹੱਦ ਸਹਿਜ ਨਾਲ ਪੇਸ਼ ਕਰਦਾ ਹੈ। ਉਹ ਕਦੇ ਵੀ ਗੱਲ ਨੂੰ ਉਲਝਣ ਨਹੀਂ ਦੇਂਦਾ, ਸਗੋਂ ਸਰਲਤਾ, ਸਹਿਜਤਾ, ਸਪੱਸ਼ਟਤਾ ਅਤੇ ਸਾਦਗੀ ਉਸਦੇ ਸ਼ੇਅਰਾਂ ਦੇ ਮੀਰੀ ਗੁਣ ਹਨ। ਆਪਣੇ ਤੱਤੇ ਤੇ ਅਗਰਗਾਮੀ ਵਿਚਾਰਾਂ ਨੂੰ ਕਦੇ ਨਾਅਰਾ ਨਹੀਂ ਬਣਨ ਦੇਂਦਾ, ਸਗੋਂ ਗੱਲ ਨੂੰ ਸੁਹਜ ਨਾਲ ਪ੍ਰਤੀਕਾਂ ਅਤੇ ਅਲੰਕਾਰਾਂ ਦੀ ਸਹਾਇਤਾ ਨਾਲ ਸ਼ੇਅਰਾਂ ਵਿਚ ਢਾਲ ਲੈਂਦਾ ਹੈ। ਉਹ ਪੱਥਰਾਂ ਦੀ ਗੱਲ ਕਰਦਿਆਂ ਵੀ ਗ਼ਜ਼ਲੀਅਤ ਦੇ ਸ਼ੀਸ਼ੇ ਨੂੰ ਬਚਾ ਕੇ ਰੱਖਦਾ ਹੈ। ਉਸਦੀਆਂ ਗ਼ਜ਼ਲਾਂ ਵਿਚ ਮੌਲਿਕ ਅਨੁਭਵ, ਬਿਆਨ ਦੀ ਸੂਖ਼ਮਤਾ, ਸੰਖੇਪਤਾ, ਜਜ਼ਬੇ ਦੀ ਤੀਖਣ ਪੇਸ਼ਕਾਰੀ ਅਤੇ ਵਿਅੰਗਕ ਸ਼ੈਲੀ ਦੀਆਂ ਵਿਸ਼ੇਸ਼ਤਾਈਆਂ ਭਰਪੂਰ ਹਨ। ਉਹ ਯਥਾਰਥ ਦੀ ਜ਼ਮੀਨ ਨਾਲ ਜੁੜਿਆ ਰਹਿ ਕੇ ਵੀ ਕਾਲਪਨਿਕ ਉਡਾਰੀਆਂ ਲਾਉਂਦਾ ਹੈ। ਕਲਪਨਾ ਜਿਹੜੀ ਭਵਿੱਖ ਦੀ ਸੁਹਣੇਰੀ ਉਸਾਰੀ ਵਾਸਤੇ ਬੇਸ਼ ਕੀਮਤੀ ਹੁੰਦੀ ਹੈ। ਉਸ ਨੂੰ ਪਤਾ ਹੈ ਕਿ ਪੰਛੀ ਦੇ ਖੰਭ ਪੈਰਾਂ ਤੋਂ ਬਿਨਾਂ ਕਿਸੇ ਕੰਮ ਦੇ ਨਹੀਂ ਹੁੰਦੇ। ਜਹਾਜ਼ ਦੇ ਉੱਡਣ ਵਾਸਤੇ

ਸੜਕ ਤੇ ਟਾਇਰ ਜ਼ਰੂਰੀ ਹਨ। ਏਸੇ ਲਈ ਵਿਰਕ ਕਦੇ ਵੀ ਸ਼ਾਇਰੀ ਦੀ ਅਸਲੀਅਤ ਤੋਂ ਪਰ੍ਹੇ ਜਾ ਕੇ ਹਵਾਈ ਕਿਲ੍ਹੇ ਨਹੀਂ ਉਸਾਰਦਾ।

ਭਜਨ ਸਿੰਘ ਵਿਰਕ ਦੇ ਸ਼ਿਅਰਾਂ ਵਿਚ ਅਨੇਕਾਂ ਅਨੇਕ ਖ਼ੂਬੀਆਂ ਹਨ ਮੈਂ ਕੁਝ ਕੁ ਦਾ ਹੀ ਵਰਣਨ ਕਰਨ ਵਿੱਚ ਬਿਹਤਰੀ ਸਮਝਦਾ ਹਾਂ। ਇਹ ਸ਼ਿਅਰ ਪੜ੍ਹੋ:

- ਬੜਾ ਹੀ ਬੋਲਬਾਲਾ ਹੈ ਸਿਰੇ ਦੀ ਬੇਈਮਾਨੀ ਦਾ
  ਕਹੋ ਇਸ ਨੂੰ ਨਿਰਾ ਸਿੱਟਾ ਅਸਾਡੀ ਬੇਜ਼ਬਾਨੀ ਦਾ

  (ਭ੍ਰਿਸ਼ਟਾਚਾਰ)
- ਹਨੇਰਾ ਢੋ ਰਹੇ ਲੋਕੀ, ਇਹੀ ਤਾਂ ਲੋਕਤੰਤਰ ਹੈ
  ਨਫ਼ਾ ਰਹਿਬਰ ਨੂੰ ਮਿਲਦਾ ਹੈ ਉਦ੍ਹੀ ਇਕ ਇਕ ਨਦਾਨੀ ਦਾ

  (ਲੋਕਤੰਤਰ)
- ਚੜ੍ਹੀ ਹਰ ਚੀਜ਼ ਦੀ ਕੀਮਤ, ਬੁਰੀ ਹਾਲਤ ਗ਼ਰੀਬਾਂ ਦੀ
  ਜਦੋਂ ਸਰਕਾਰ ਬੇਬਸ ਹੈ, ਇਹੀ ਹੈ ਰਾਹ ਵਿਰਾਨੀ ਦਾ

  (ਮਹਿੰਗਾਈ)
- ਪਹਿਰਾਵਿਆਂ 'ਚ ਉਲਝੀ ਨਾਰੀ ਦਾ ਕੀ ਕਰੋਗੇ?
  ਉਸ ਨੂੰ ਗ਼ਲਤ ਕਹੋਗੇ ਜਾਂ ਹਾਂ 'ਚ ਹਾਂ ਭਰੋਗੇ?

  (ਨਾਰੀ ਦੀ ਹਾਲਤ)
- ਸਾਡੀਆਂ ਕੁਰਬਾਨੀਆਂ ਅਣਗੌਲ਼ੀਆਂ ਜਾਪਣ
  ਦੂਰ ਸੀ ਦਿੱਲੀ, ਅਜੇ ਵੀ ਦੂਰ ਲਗਦੀ ਹੈ

  (ਕੁਰਬਾਨੀਆਂ ਦੀ ਅਣਦੇਖੀ)
- ਅੱਖਾਂ ਨਾ ਵਿਖਾ ਮੈਨੂੰ, ਐਵੇਂ ਨਾ ਡਰਾ ਮੈਨੂੰ
  ਤੇਰੇ 'ਚ ਨਹੀਂ ਹਿੰਮਤ, ਦੇਵੇਂ ਤੂੰ ਮਿਟਾ ਮੈਨੂੰ

  (ਅਣਖੀ ਲਲਕਾਰ)
- ਬੱਚੀ ਜੋ ਕਲੀ ਵਰਗੀ, ਇਕ ਬੋਟ ਨਿਆਈਂ ਜੋ
  ਝਪਟੀ ਹੈ ਦਰਿੰਦੇ ਨੇ, ਆਉਂਦੀ ਏ ਹਯਾ ਮੈਨੂੰ

  (ਬੱਚੀਆਂ ਪ੍ਰਤੀ ਅਨੈਤਿਕ ਵਿਹਾਰ)
- ਸਾਰੇ ਕੁਬੇਰ ਪੂਜਕ, ਰਖਦੇ ਨੇ ਇਕ ਹੀ ਖ਼ਾਸਾ
  ਰਿਸ਼ਤੇ ਭੁਲਾ ਨੇ ਦੇਂਦੇ, ਅਪਣੇ ਤੇ ਕੀ ਪਰਾਏ

  (ਟੁਟਦੇ ਰਿਸ਼ਤੇ)

- ਲੁੱਟੀ ਜਾਂਦੇ ਨੇ ਦਿਨ ਰਾਤ, ਜ਼ਮਾਨਾ ਚੋਰਾਂ ਦਾ
  ਇਕ ਦੂਜੇ ਨੂੰ ਪਾਉਂਦੇ ਮਾਤ ਜ਼ਮਾਨਾ ਚੋਰਾਂ ਦਾ

(ਲੁੱਟ-ਘਸੁੱਟ)

- ਚੋਣਾਂ ਵੇਲੇ ਹੱਥ ਜੋੜ ਕੇ, ਜਿਹੜੇ ਮੰਗਣ ਵੋਟਾਂ
  ਫਿਰ ਭੁੱਲਣ ਔਕਾਤ, ਜ਼ਮਾਨਾ ਚੋਰਾਂ ਦਾ

(ਲੀਹੋਂ ਲੱਥੀ ਰਾਜਨੀਤੀ)

- ਕੁਰਸੀ ਖ਼ਾਤਿਰ ਲੀਡਰ ਪੂਜੇ ਢੌਂਗੀ ਬਾਬੇ ਨੂੰ
  ਮੰਗੇ ਉਸ ਕੋਲੋਂ ਖੈਰਾਤ, ਜ਼ਮਾਨਾ ਚੋਰਾਂ ਦਾ

(ਲੀਡਰਾਂ ਤੇ ਸਾਧਾਂ ਦਾ ਅਨੈਤਕ ਗੱਠਜੋੜ)

- ਚਿੱਟੇ ਬਾਣੇ ਪਾ ਕੇ 'ਧਰਮੀ' ਲੁੱਟਣ ਆਉਂਦੇ ਨੇ
  ਤਹਿਜ਼ੀਬ ਬਣੀ ਹੈ ਜੰਗਲਾਤ ਜ਼ਮਾਨਾ ਚੋਰਾਂ ਦਾ

(ਧਰਮੰਧਤਾ)

- ਮਾਨਵ ਤੈਨੂੰ ਸੁਝ ਨਾ ਆਈ, ਤੂੰ ਮੂਰਖ ਦਾ ਮੂਰਖ ਰਹਿਣੈ
  ਰਹਿਬਰ ਤੇਰੀ ਕਰੇ ਪਿਟਾਈ, ਤੂੰ ਮੂਰਖ ਦਾ ਮੂਰਖ ਰਹਿਣੈ

(ਸਵੈ ਚੇਤਨਾ)

- ਲੋਕਾਂ ਵਿੱਚੋਂ ਪੈਦਾ ਕਰ, ਐ ਮਾਨਵ, ਰਹਿਬਰ ਜਿਸ ਨੂੰ ਕਹੀਏ
  ਹਾਲੇ ਸੋਚ ਨਾ ਲੀਹੇ ਪਾਈ, ਤੈਂ ਮੂਰਖ ਦਾ ਮੂਰਖ ਰਹਿਣੈ

(ਲੋਕ ਚੇਤਨਾ)

- ਇਹ ਬੰਦਾ ਮਾਣ ਦੇ ਕਾਬਿਲ, ਬਣੂ ਸਤਿਕਾਰ ਦੇ ਕਾਬਿਲ
  ਜਦੋਂ ਮੁਸਕਾਨ ਵਿਚ ਬਦਲੂ, ਇਹ ਕੁਲ ਸੰਸਾਰ ਦੇ ਹੰਝੂ

(ਆਸ ਪੱਖੀ ਨਜ਼ਰੀਆ)

ਉਪ੍ਰੋਕਤ ਸ਼ਿਅਰ ਮੈਂ 'ਗਿਰਝਾਂ ਹਵਾਲੇ' ਗ਼ਜ਼ਲ ਸੰਗ੍ਰਹਿ ਵਿਚੋਂ ਦਾਲ 'ਚੋਂ ਦਾਣਾ ਟੋਹਣ ਵਾਂਗ ਹੀ ਪੇਸ਼ ਕੀਤੇ ਹਨ। ਵਿਰਕ ਦੀ ਹੱਥਲੀ ਗ਼ਜ਼ਲ ਪੁਸਤਕ ਵਿਚ ਹਜ਼ਾਰਾਂ ਰੰਗਾਂ ਦੀਆਂ ਮੋਮਬੱਤੀਆਂ ਜਗਦੀਆਂ ਹਨ। ਮੈਂ ਇਸ ਪੁਸਤਕ ਨੂੰ ਪਾਠਕਾਂ ਗੋਚਰੀ ਕਰਦਿਆਂ ਖ਼ੁਸ਼ੀ ਮਹਿਸੂਸ ਕਰਦਾ ਹਾਂ।

ਗ਼ਜ਼ਲ ਵਿਚ ਛੰਦ ਬਹਿਰ ਅਤੇ ਹੋਰ ਗ਼ਜ਼ਲ ਅੰਗਾਂ ਬਾਰੇ ਵੀ ਚਰਚਾ ਜ਼ਰੂਰੀ ਹੁੰਦੀ ਹੈ। ਪਰ ਭੂਮਿਕਾ ਵਿਚ ਕੇਵਲ ਕੁਝ ਸ਼ਬਦ ਸੰਕੇਤਾਂ ਵਜੋਂ ਹੀ ਪੇਸ਼ ਕੀਤੇ ਜਾ ਸਕਦੇ ਹਨ। ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਸ਼ਾਇਰ ਵਿਰਕ

ਗ਼ਜ਼ਲ ਤਕਨੀਕ ਵਿਚ ਅਤੇ ਗ਼ਜ਼ਲ ਵਿਧਾ ਦੀ ਕਲਾ ਵਿਚ ਮਾਅਰਕੇ ਦਾ ਸ਼ਾਇਰ ਹੈ। ਉਸ ਨੇ ਆਪਣੀਆਂ ਗ਼ਜ਼ਲਾਂ ਵਿਚ ਦਰਜਨਾਂ ਛੰਦ ਵੀ ਅਤੇ ਬਹਿਰ ਵੀ ਬਾਖ਼ੂਬੀ ਨਿਭਾਏ ਹਨ।

ਉਹ ਸ਼ਿਅਰਾਂ ਦੀ ਅੰਤਰ ਆਤਮਾ ਸਮਝਦਾ ਹੈ ਪਰ ਸਤਹ ਤੋਂ ਕਦੇ ਦੂਰ ਨਾ ਜਾ ਕੇ ਵੀ ਤਲ ਤੋਂ ਮਾਣਕ ਮੋਤੀ ਮਰਜੀਵੜਿਆਂ ਵਾਂਗ ਟੋਲਦਾ ਹੈ। ਮੈਂ ਉਸਦੇ ਇਕ ਸ਼ੇਅਰ ਦੀ ਹੇਠਾਂ ਤਕਤੀਹ ਕਰ ਰਿਹਾ ਹਾਂ। ਇਸ ਨਾਲ ਉਸਦੀ ਬਹਿਰ ਚੇਤਨਾ ਦੀ ਕੁਝ ਥਾਹ ਪਾਈ ਜਾ ਸਕਦੀ ਹੈ।

ਇਹ ਸ਼ੇਅਰ ਲੈਂਦੇ ਹਾਂ :-

ਸਵੈ ਮੇਰਾ ਗੁਆਚਾ ਹੈ, ਉਸੇ ਨੂੰ ਭਾਲਦਾ ਰਹਿਨਾ
ਹਨੇਰੇ ਵਿਚ ਸਦਾ ਦਿਲ ਦਾ, ਮੈਂ ਦੀਵਾ ਬਾਲਦਾ ਰਹਿਨਾ

ਇਸ ਦਾ ਬਹਿਰ ਹਜ਼ਿਜ਼ ਸਾਲਿਮ ਹੈ ਅਤੇ ਇਸਦੀ ਬਣਤਰ ਮੁਫਾਈਲੁਨ×4 ਹੁੰਦੀ ਹੈ। ਤਕਤੀਹ

ਮੁਫਾ+ਈ+ਲੁਨ=ਮੁਫਾ+ ਈ+ ਲੁਨ=ਮੁਫਾ+ਈ+ਲੁਨ=ਮੁਫਾ+ਈ+ਲੁਨ
IS + S+ S= IS + S + S = IS + S+S = IS+ S+ S
ਸਵੈ+ਮੇ+ਰਾ=ਗੁਆ+ਚਾ+ਹੈ=ਉਸੇ+ਨੂੰ+ਭਾ=ਲਦਾ+ਰਹਿ+ਨਾ
ਹਨ੍ਹੇ+ਰੇ+ਵਿਚ=ਸਦਾ+ਦਿਲ+ਦਾ=ਮ ਦੀ+ਵਾ+ਬਾ=ਲਦਾ+ਰਹਿ+ਨਾ

ਉਪਰੋਕਤ ਤਕਤੀਹ ਵਿਚ ਸ਼ਾਇਰ ਨੇ ਆਪਣੇ ਖ਼ਿਆਲ ਨੂੰ ਪੂਰੇ ਭਾਸ਼ਾ-ਹੁਨਰ ਅਤੇ ਬਹਿਰ ਪ੍ਰਬੰਧ ਵਿਚ ਪੇਸ਼ ਕਰਨ ਵਿਚ ਸਫਲਤਾ ਪਾਈ ਹੈ।

ਪਰ ਇਕੱਲੀ ਕਲਾ ਕੁਝ ਨਹੀਂ ਹੁੰਦੀ ਜੇਕਰ ਉਸ ਵਿਚ ਸੱਚ ਨਾ ਹੋਵੇ। ਵਿਰਕ ਦੀਆਂ ਗ਼ਜ਼ਲਾਂ ਵਿਚ ਸਮੇਂ ਦਾ ਸੱਚ ਹੁਨਰ ਨਾਲ ਪੇਸ਼ ਹੋਇਆ ਹੈ। ਇਸ ਲਈ ਉਹ ਰਹਿਬਰ ਹੈ ਤੇ ਉਸਦਾ ਤਰਕ ਉਹ ਨਸ਼ਤਰ ਹੈ, ਜੋ ਸਮਾਜ ਦੇ ਕੋਹੜ ਨੂੰ ਵੱਢਣ ਦਾ ਸੰਦ ਹੈ। ਉਹ ਮੇਰੇ ਇਸ ਅਮਰ ਸ਼ਿਅਰ ਵਿਚ ਖ਼ਰਾ ਉਤਰਿਆ ਹੈ ਕਿ

ਜੇ ਕਵੀ ਰਹਿਬਰ ਨਹੀਂ ਤਾਂ ਕੁਝ ਨਹੀਂ
ਸੱਚ ਜੇ ਸ਼ਸਤਰ ਨਹੀਂ ਤਾਂ ਕੁਝ ਨਹੀਂ

ਮੈਂ ਭਜਨ ਸਿੰਘ ਵਿਰਕ ਨੂੰ 'ਗਿਰਝਾਂ ਹਵਾਲੇ' ਗ਼ਜ਼ਲ ਸੰਗ੍ਰਹਿ ਛਪਣ ਦੀ ਵਧਾਈ ਦੇਂਦਾ ਹਾਂ।

-ਸੁਲੱਖਣ ਸਰਹੱਦੀ

94174-84337

## ਦੋ ਪਲ

ਦੋ ਪਲ ਸਾਂਝੇ ਕਰ ਲੈ ਯਾਰ
ਕੱਲ੍ਹ ਦਾ ਕਰੀਏ ਕੀ ਇਤਬਾਰ!

ਦਿਲਬਰ ਅੱਗੇ ਮੰਨ ਲੈ ਹਾਰ;
ਛੱਡ ਦੇ ਅੜੀਆਂ ਨੂੰ ਦਿਲਦਾਰ।

ਆਵੋ ਕਰੀਏ ਗ਼ਮ ਦੂਰਕਾਰ,
ਸੁਣੀਏਂ ਹਾਸੇ ਦੀ ਛਣਕਾਰ।

ਸ਼ੱਕੀ ਬਣਿਆਂ ਹੈ ਕਿਰਦਾਰ,
ਰਹਿਬਰ ਨੂੰ ਦੇਈਏ ਲਲਕਾਰ।

ਡੋਬਣ ਦੇ ਲਗਦੇ ਆਸਾਰ!
ਜਾਬਰ ਤੋਂ ਖੋਹੀਏ ਪਤਵਾਰ!!

ਲੋਕਾਂ ਦੀ ਗੱਲ ਕਰਿਆ ਕਰ,
ਬਣਿਆਂ ਫਿਰਦੈਂ ਤੂੰ ਫ਼ਨਕਾਰ!

ਜੇ ਜਾਗ ਨਾ ਆਈ ਲੋਕਾ,
ਢੋਂਦਾ ਰਹਿਣੈ ਤੈਂ ਖਰਵਾਰ!

✪

## ਚੋਰਾਂ 'ਚ ਖੇਡਦੇ ਹਾਂ

ਜੇ ਸੋਚ ਵਿਚ ਤੁਹਾਡੀ ਜ਼ਿੰਦਾਦਿਲੀ ਨਹੀਂ ਹੈ।
ਇਹ ਜ਼ਿੰਦਗੀ ਤੁਹਾਡੀ ਫਿਰ ਜ਼ਿੰਦਗੀ ਨਹੀਂ ਹੈ।

ਜੇ ਹਾਰ ਹੋ ਗਈ ਹੈ, ਤਾਂ ਹੌਸਲਾ ਨਾ ਹਾਰੀਂ,
ਕੋਸ਼ਿਸ਼ ਤੇਰੀ, ਐ ਮਾਨਵ, ਇਹ ਆਖ਼ਰੀ ਨਹੀਂ ਹੈ।

ਦੋ ਹੱਥ ਕਰਾਂਗੇ ਕਿੱਦਾਂ, ਦੁਸ਼ਮਣ ਦੇ ਨਾਲ ਆਪਾਂ ?
ਸੀਨੇ 'ਚ ਮਘ ਰਹੀ ਜੇ ਇਕ ਕਾਂਗੜੀ ਨਹੀਂ ਹੈ।

ਲੁੱਟਣ 'ਤੇ ਉਤਰਿਆ ਹੈ, ਜਿਸਦੀ ਵੀ ਚਾਲ ਚੱਲੇ !
ਖੇਤਰ ਕੋਈ ਨਾ ਜਿੱਥੇ ਕੋਈ ਧਾਂਦਲੀ ਨਹੀਂ ਹੈ!!

ਜੇ ਰਾਜ-ਪਾਟ ਉੱਤੇ, ਇੱਕ ਰਾਜ-ਗਿੱਧ ਘੁੰਮੇਂ;
ਕੀ ਨਾਰਕੀ ਨਹੀਂ ਹੈ, ਕੀ ਮਾਤਮੀ ਨਹੀਂ ਹੈ!

ਲੱਗਾ ਹੈ ਰਹਿਬਰਾਂ ਨੂੰ ਇਕ ਰਾਜ-ਰੋਗ ਐਸਾ,
ਜਿਸਦੀ ਦਵਾ ਨਹੀਂ ਹੈ, ਕੋਈ ਬੰਦਗ਼ੀ ਨਹੀਂ ਹੈ।

ਮਨ ਬੇਈਮਾਨ ਸਾਡਾ, ਘਰ ਕਰ ਗਿਆ ਸੁਆਰਥ;
ਮਿੱਠੀ ਜ਼ੁਬਾਨ ਸਾਡੀ, ਦਿਲ ਮਖ਼ਮਲੀ ਨਹੀਂ ਹੈ।

ਨਾਰੀ ਹੈ ਖ਼ੁਦ ਸਹਾਰਾ, ਇੱਕ ਰੂਪ ਆਸਰੇ ਦਾ;
ਉਹ ਮਾਲਤੀ ਨਹੀਂ ਹੈ, ਉਹ ਮਾਧਵੀ ਨਹੀਂ ਹੈ।

ਜੋ ਵਕਤ ਨਾਲ ਬਦਲੇ, ਹਾਲਾਤ ਨਾਲ ਬਦਲੇ,
ਉਹ ਦੋਸਤੀ ਨਹੀਂ ਹੈ, ਉਹ ਆਸ਼ਕੀ ਨਹੀਂ ਹੈ।

ਬੰਦੇ ਦੀ ਸੋਚ ਬਦਲੇ, ਬਦਲਣ ਹਾਲਾਤ ਭਾਵੇਂ;
ਦਿਲ ਮਸ਼ਰਕੀ ਨਹੀਂ ਹੈ, ਦਿਲ ਮਗ਼ਰਬੀ ਨਹੀਂ ਹੈ।

ਆਪਾਂ ਆਜ਼ਾਦ ਫਿਰਦੇ, ਖ਼ਾਨਾ-ਬਦੋਸ਼ ਬਣ ਕੇ;
ਚੋਰਾਂ 'ਚ ਖੇਡਦੇ ਹਾਂ, ਕੋਈ ਮਾਲਕੀ ਨਹੀਂ ਹੈ।

✪

## ਮੈਂ ਪਿਆਰ ਲਈ ਜੀਵਾਂ

ਮੈਂ ਪਿਆਰ ਲਈ ਜੀਵਾਂ, ਏਸੇ ਦਾ ਨਸ਼ਾ ਮੈਨੂੰ।
ਰੋਲੋ ਨਾ ਵਫ਼ਾ ਮੇਰੀ, ਦੇਵੋ ਨਾ ਸਜ਼ਾ ਮੈਨੂੰ।

ਮੈਂ ਪਿਆਰ ਦਾ ਪਾਂਧੀ ਹਾਂ, ਤੁਰਦੇ ਹੀ ਸਦਾ ਰਹਿਣਾ;
ਦਿਲਦਾਰ ਵਸੇ ਦਿਲ ਵਿਚ, ਏਸੇ ਦਾ ਸ਼ੁਦਾ ਮੈਨੂੰ।

ਮਹਿਕੇਗਾ ਚੁਫੇਰਾ ਹੀ, ਮੈਨੂੰ ਤਾਂ ਭਰੋਸਾ ਹੈ;
ਖ਼ੁਸ਼ਬੂ ਹਾਂ ਮੁਹੱਬਤ ਦੀ, ਭਾਵਾਂ 'ਚ ਮਿਲਾ ਮੈਨੂੰ।

ਉਕਰੀ ਜੋ ਮੇਰੇ ਦਿਲ 'ਤੇ, ਉਹ ਪਿਆਰ-ਇਬਾਰਤ ਹੈ;
ਲਗਦੈ ਜੋ ਸਫ਼ਾ ਤੈਨੂੰ, ਸਮਝੀਂ ਨਾ ਸਫ਼ਾ ਮੈਨੂੰ।

ਟੁੰਬਾਂਗਾ ਦਿਲਾਂ ਤਾਈਂ, ਖ਼ੁਸ਼ਬੂ ਵੀ ਖਿਲਾਰਾਂਗਾ;
ਬੂਟਾ ਹਾਂ ਮੁਹੱਬਤ ਦਾ, ਦਿਲ ਵਿਚ ਤਾਂ ਉਗਾ ਮੈਨੂੰ।

ਕਿਸਮਤ ਦਾ ਸਿਤਾਰਾ ਹਾਂ, ਅਹਿਸਾਸ ਕਰਾਵਾਂਗਾ;
ਮੋਤੀ ਹਾਂ ਮੁਹੱਬਤ ਦਾ, ਦਿਲ ਵਿਚ ਤਾਂ ਮੜ੍ਹਾ ਮੈਨੂੰ।

ਮੈਂ ਨਾਜ਼ ਹਿਯਾਤੀ ਦਾ, ਮੈਂ ਸਾਜ਼ ਹਿਯਾਤੀ ਦਾ,
ਸੰਗੀਤ ਕੋਈ ਉਪਜੇ, ਪੋਟੇ ਤਾਂ ਛੁਹਾ ਮੈਨੂੰ।

✪

## ਕਹਾਉਣਾ ਐਟਮੀ ਸ਼ਕਤੀ

ਬੜਾ ਹੀ ਬੋਲਬਾਲਾ ਹੈ, ਸਿਰੇ ਦੀ ਬੇਈਮਾਨੀ ਦਾ;
ਕਹੋ ਇਸਨੂੰ ਨਿਰਾ ਸਿੱਟਾ, ਅਸਾਡੀ ਬੇ-ਜ਼ਬਾਨੀ ਦਾ।

ਤੂੰ ਦੇਵੇਂ ਹੌਸਲਾ ਮੈਨੂੰ, ਮੈਂ ਫੋਲਾਂ ਦੁੱਖ ਗ਼ਰੀਬਾਂ ਦੇ;
ਸਦਾ ਹੀ ਸ਼ੁਕਰੀਆ ਕਰਦਾਂ, ਮੈਂ ਤੇਰੀ ਮਿਹਰਬਾਨੀ ਦਾ।

ਹਨ੍ਹੇਰਾ ਢੋ ਰਹੇ ਲੋਕੀ, ਇਹੀ ਤਾਂ ਲੋਕਤੰਤਰ ਹੈ;
ਨਫ਼ਾ ਰਹਿਬਰ ਨੂੰ ਮਿਲਦਾ ਹੈ, ਉਦ੍ਹੀ ਇੱਕ ਇਕ ਨਦਾਨੀ ਦਾ।

ਅਸਾਂ ਦੇ ਚਾਅ ਅਧੂਰੇ ਨੇ, ਸਦਾ ਸੋਚਾਂ 'ਚ ਰਹਿੰਦੇ ਹਾਂ;
ਇਹੀ ਸੰਕੇਤ ਮਿਲਦਾ ਹੈ, ਤਬਾਹੀ ਦੀ ਨਿਸ਼ਾਨੀ ਦਾ।

ਚੜ੍ਹੀ ਹਰ ਚੀਜ਼ ਦੀ ਕੀਮਤ, ਬੁਰੀ ਹਾਲਤ ਗ਼ਰੀਬਾਂ ਦੀ;
ਜਦੋਂ ਸਰਕਾਰ ਬੇਬਸ ਹੈ, ਇਹੀ ਹੈ ਰਾਹ ਵਿਰਾਨੀ ਦਾ।

ਕਹਾਉਣਾ ਐਟਮੀ ਸ਼ਕਤੀ, ਇਹੀ ਇਕ ਸੋਚ ਭਾਰੂ ਹੈ;
ਕਿਸੇ ਨੇ ਦੂਰ ਕੀ ਕਰਨੈਂ, ਗਿਲਾ ਕੋਈ ਜਵਾਨੀ ਦਾ।

ਬੁਰਾ ਕਰਦਾ ਬੁਰਾਈ ਹੈ, ਉਹੀ ਇੱਜ਼ਤ ਨੂੰ ਢਾ ਲਾਉਂਦੈ;
ਅਜੇਹੀ ਚਾਲ ਚਲਦਾ ਹੈ, ਪੁਆਉਂਦਾ ਮੁੱਲ ਸ਼ੈਤਾਨੀ ਦਾ।

ਚੜ੍ਹੇ ਦਿਨ ਵਾਪਰੇ ਕੋਈ ਅਜਬ ਘਟਨਾ, ਮੇਰੇ ਯਾਰਾ;
ਤਮਾਸ਼ਾ ਦੇਖਦਾ ਰਹਿਨਾ, ਮੈਂ ਤੇਰੀ ਰਾਜਧਾਨੀ ਦਾ।

ਇਹ ਨੁਕਤਾਚੀਨ ਚਾਹੀਦੀ, ਇਹ ਨਸ਼ਤਰ ਵੀ ਬਣੇ ਤਿੱਖਾ;
ਦਿਲਾਂ ਦੇ ਗੀਤ ਲਿਖਦੀ ਹੈ, ਇਹੀ ਨਾ ਫ਼ਰਜ਼ ਕਾਨੀ ਦਾ।

✪

## ਪਹਿਰਾਵਿਆਂ 'ਚ ਉਲਝੀ

ਪਹਿਰਾਵਿਆਂ 'ਚ ਉਲਝੀ ਨਾਰੀ ਦਾ ਕੀ ਕਰੋਗੇ!
ਉਸਨੂੰ ਗ਼ਲਤ ਕਹੋਗੇ ਜਾਂ ਹਾਂ 'ਚ ਹਾਂ ਭਰੋਗੇ!!

ਜੇ ਦੂਜਿਆਂ ਲਈ ਹੀ ਜੀਓਗੇ ਜਾਂ ਮਰੋਗੇ,
ਫਿਰ ਜ਼ਿੰਦਗੀ 'ਚ ਬਿਲਕੁਲ, ਜਿੱਤੋਗੇ ਨਾ ਹਰੋਗੇ।

ਲੋਕਾਂ ਦਾ ਦਰਦ ਜੇਕਰ, ਸੀਨੇ 'ਚ ਪਾਲਦੇ ਹੋ,
ਸੁੰਦਰ ਹਿਯਾਤ ਵਰਗੀ ਕੋਈ ਚੀਜ਼ ਤਾਂ ਵਰੋਗੇ।

ਇਸ ਜ਼ਿੰਦਗੀ 'ਚ ਕੁਛ ਵੀ, ਪਾਉਣਾ ਮੁਹਾਲ ਹੋਣੈ,
ਜ਼ਾਲਮ ਦਾ ਜ਼ੁਲਮ ਜੇਕਰ, ਹੱਸਕੇ ਤੁਸੀਂ ਜਰੋਗੇ।

ਜੇ ਝੂਠ ਹੀ ਤੁਹਾਡੇ ਜੀਵਨ 'ਤੇ ਛਾ ਗਿਆ ਹੈ,
ਛਾਵਾਂ ਨੇ ਸਾੜ ਦੇਣੈ, ਧੁੱਪਾਂ 'ਚ ਵੀ ਠਰੋਗੇ।

ਇਸ ਜ਼ਿੰਦਗੀ 'ਚ ਕੋਈ, ਸਿਰਜੋਗੇ ਫਿਰ ਸੁਹੱਪਣ,
ਦਿਨ ਰਾਤ ਜੇ ਤੁਸੀਂ ਵੀ ਚਸ਼ਮੇਂ ਤਰ੍ਹਾਂ ਝਰੋਗੇ।

ਜੇਕਰ ਗੁਫ਼ਾ ਝਿਜਕ ਦੀ ਵਿੱਚੋਂ ਨਹੀਂ ਨਿਕਲਣਾ,
ਜੀਵਨ ਦੇ ਸਾਗਰਾਂ ਨੂੰ ਕਿੱਦਾਂ ਤੁਸੀਂ ਤਰੋਗੇ!

✪

## ਅਣਖ ਮਫ਼ਰੂਰ ਲਗਦੀ ਹੈ

ਜ਼ਿੰਦਗੀ ਮਜਬੂਰੀਆਂ ਭਰਪੂਰ ਲਗਦੀ ਹੈ;
ਮੁਸ਼ਕਿਲਾਂ ਤੇ ਦੁਖੜਿਆਂ ਵਿਚ ਚੂਰ ਲਗਦੀ ਹੈ।

ਸਾਡੀਆਂ ਕੁਰਬਾਨੀਆਂ ਅਣਗੌਲ਼ੀਆਂ ਜਾਪਣ!
ਦੂਰ ਸੀ ਦਿੱਲੀ, ਅਜੇ ਵੀ ਦੂਰ ਲਗਦੀ ਹੈ!!

ਨਾ ਦਵਾ ਲੱਭੀ ਕੋਈ ਜਿਹੜੀ ਅਸਰ ਕਰਦੀ;
ਬੇਈਮਾਨੀ ਬਣ ਗਈ ਨਾਸੂਰ ਲਗਦੀ ਹੈ।

ਸੱਚ ਖ਼ਾਤਿਰ ਮਰ ਮਿਟੇ, ਨਾ ਭਉ ਹੀ ਜਾਣੇ ਜੋ,
ਇਸ ਤਰ੍ਹਾਂ ਦੀ ਆਤਮਾ ਮਨਸੂਰ ਲਗਦੀ ਹੈ।

ਪਿਆਰ ਦੀ ਗੰਗਾ ਰਿਦੇ 'ਚੋਂ ਵਹਿ ਤੁਰੀ ਉਸਦੇ;
ਹੋ ਗਈ ਮੇਰੀ ਦੁਆ ਮਨਜ਼ੂਰ ਲਗਦੀ ਹੈ।

ਹੁਸਨ ਜਿਸਦਾ ਕੁਦਰਤੀ, ਮੁੰਨਦੀ ਨਾ ਭਰਵੱਟੇ;
ਉਹ ਕੁੜੀ ਮੈਨੂੰ ਕੋਈ ਮਜ਼ਦੂਰ ਲਗਦੀ ਹੈ।

ਜਿਸ ਕਦਰ ਅਸ਼ਲੀਲਤਾ ਭਾਰੂ ਹੈ ਕਾਨੀ 'ਤੇ,
'ਵਿਰਕ' ਹੁਣ ਸਾਡੀ ਅਣਖ ਮਫ਼ਰੂਰ ਲਗਦੀ ਹੈ।

✪

## ਅੱਖਾਂ ਨਾ ਦਿਖਾ ਮੈਨੂੰ

ਅੱਖਾਂ ਨਾ ਦਿਖਾ ਮੈਨੂੰ, ਐਵੇਂ ਨਾ ਡਰਾ ਮੈਨੂੰ।
ਤੇਰੇ 'ਚ ਨਹੀਂ ਹਿੰਮਤ, ਦੇਵੇਂ ਤੂੰ ਮਿਟਾ ਮੈਨੂੰ।

ਤੰਗੀ 'ਚ ਪਲੇ ਲੋਕੀ, ਚਲਦਾ ਨਾ ਗੁਜ਼ਾਰਾ ਹੈ;
ਏਸੇ ਦਾ ਸਤਾਇਆ ਹਾਂ, ਨਾ ਹੋਰ ਸਤਾ ਮੈਨੂੰ।

ਮੈਨੂੰ ਤਾਂ ਘੁਟਣ ਫੈਲੀ, ਮਹਿਸੂਸ ਬੜੀ ਹੁੰਦੀ;
ਹੋ ਜਾ ਤੂੰ ਪਰ੍ਹੇ ਜ਼ਾਲਮ, ਲੱਗੇ ਜੋ ਹਵਾ ਮੈਨੂੰ।

ਲੋਕਾਂ 'ਚ ਲਕੀਰਾਂ ਹੀ, ਖਿਚਦਾ ਹੈ ਸਦਾ ਜਿਹੜਾ,
ਲਲਕਾਰ ਰਿਹਾਂ ਉਸਨੂੰ, ਆਖੇ ਨਾ ਭਰਾ ਮੈਨੂੰ।

ਕੀ ਮਾਰ ਵਗੀ ਲੋਕਾ, ਨੱਚਦੈਂ ਜੋ ਇਸ਼ਾਰੇ 'ਤੇ!
ਦਿਸਦਾ ਨਾ ਸਵੈ ਤੇਰਾ, ਆਵੇ ਕੀ ਮਜ਼ਾ ਮੈਨੂੰ!!

ਕੁੱਲੀ 'ਚ ਵਸੇ ਕਿਰਤੀ, ਕੰਮਚੋਰ ਵਸੇ ਮਹਿਲੀਂ;
ਬੇ-ਸ਼ਰਮ ਜ਼ਮਾਨਾ ਹੈ, ਏਸੇ ਦਾ ਗਿਲਾ ਮੈਨੂੰ।

ਬੱਚੀ ਜੋ ਕਲੀ ਵਰਗੀ, ਇਕ ਬੋਟ ਨਿਆਈਂ ਜੋ,
ਝਪਟੀ ਹੈ ਦਰਿੰਦੇ ਨੇ, ਆਉਂਦੀ ਏ ਹਯਾ ਮੈਨੂੰ।

✪

## ਸ਼ੀਸ਼ਾ ਜੋ ਖਿਲਰਿਆ ਹੈ

ਸ਼ੀਸ਼ਾ ਜੋ ਖਿਲਰਿਆ ਹੈ, ਪੈਰਾਂ 'ਚ ਪੁੜਦਾ ਜਾਏ!
ਨੰਗੇ ਨੇ ਪੈਰ ਸਾਡੇ, ਹਾਏ ਆਜ਼ਾਦੀ, ਹਾਏ!!

ਧਨਵਾਨ ਆਦਮੀ ਦੀ, ਗੋਲੀ ਬਣੀ ਅਦਾਲਤ;
ਦੱਸੋ ਗ਼ਰੀਬ ਕਿਸ ਨੂੰ, ਦੁੱਖ ਆਪਣਾ ਸੁਣਾਏ!

ਜੀਵਨ ਦੇ ਰਾਖਿਆਂ ਤੋਂ, ਕੀ ਆਸ ਹੈ ਕਿਸੇ ਨੂੰ?
ਕਾਨੂੰਨ ਵੀ ਤਾਂ ਏਥੇ, ਤੁਰਦੈ ਕਹੇ ਕਹਾਏ।

ਉਸਦੇ ਹਾਲਾਤ ਬਦਲਣ, ਸਮਝਾ-ਬੁਝਾ ਕੇ ਦੇਖੋ;
ਨਸ਼ਿਆਂ 'ਚ ਰੋੜ੍ਹ ਦਿੰਦੈ, ਮਜ਼ਦੂਰ ਜੋ ਕਮਾਏ!

ਲੋਕਾਂ ਜਮੂਰਿਆਂ ਨੂੰ, ਕੋਈ ਸਮਝ ਨਹੀਂ ਹੈ;
ਰਹਿਬਰ ਵਜਾ ਕੇ ਡਮਰੂ, ਜਦ ਜੀ ਕਰੇ ਨਚਾਏ!

ਲੀਡਰ ਉਹੀ ਕਹਾਉਂਦੈ, ਹੋਵੇ ਸੁਆਰਥੀ ਜੋ;
ਦਿਲ ਖੋਲ੍ਹ ਕੇ ਜੋ ਲੁੱਟੇ, ਲੋਕਾਂ ਨੂੰ ਜੋ ਭਿੜਾਏ।

ਸਾਰੇ ਕੁਬੇਰ-ਪੂਜਕ, ਰਖਦੇ ਨੇ ਇੱਕ ਹੀ ਖਾਸਾ;
ਰਿਸ਼ਤੇ ਭੁਲਾ ਨੇ ਦਿੰਦੇ, ਕੀ ਆਪਣੇ, ਪਰਾਏ।

✪

## ਗੀਤਾਂ ਵਿਚਲੀ ਖ਼ੁਸ਼ਬੂ

ਗੀਤਾਂ ਵਿਚਲੀ ਖ਼ੁਸ਼ਬੂ ਰੋਂਦੀ ਗੀਤਾਂ ਤੋਂ ਵੱਖ ਹੋ ਕੇ;
ਕਿੰਨਾ ਮਾੜਾ ਹਾਲ ਹੈ ਉਸਦਾ ਦੱਸਦੀ ਭੁੱਬੀਂ ਰੋ ਕੇ।

ਗੀਤਾਂ ਵਿੱਚੋਂ ਮਨਫ਼ੀ ਹੋ ਕੇ ਵਿਲਕਣ ਗੀਤ-ਅਦਾਵਾਂ;
ਗੀਤਕਾਰ ਨੇ ਕੀ ਕੀਤਾ ਹੈ, ਐਵੇਂ ਨੇਰ੍ਹਾ ਢੋ ਕੇ।

ਪੈਸੇ ਖ਼ਾਤਿਰ ਹੁਸਨ ਅਦਾਵਾਂ ਵੇਚੇ ਨਾਰੀ, ਪਰ ਨਾ,
ਨਾਰੀ, ਨਾਰੀ ਨੂੰ ਲਲਕਾਰੇ, ਪਰ੍ਹਿਆ ਵਿੱਚ ਖਲੋ ਕੇ।

ਰੂਹ ਦੀ ਸਿਫ਼ਤ ਕਰੋ ਜੇ ਕਰਨੀ, ਕੀ ਅੰਗਾਂ ਤੋਂ ਲੈਣਾ;
ਇਸ ਤੋਂ ਬਿਹਤਰ ਹੈ ਮਰਨਾ, ਠੂਠੇ ਵਿਚ ਨੱਕ ਡਬੋ ਕੇ।

ਕਿਹੜੇ ਸਭਿਆਚਾਰ ਦੀ ਸੇਵਾ ਕਰਦੇ ਅੱਜ-ਕੱਲ੍ਹ ਆਪਾਂ ?
ਕਮਜ਼ੋਰ ਪਏ ਲੋਕ-ਮਨਾਂ ਵਿਚ ਗੰਦਗੀ ਦਾ ਬੀ ਬੋ ਕੇ।

ਵਿਹੜਾ ਫੇਰ ਸਜਾਈਏ ਹੁਣ ਲਾ ਕੇ ਕਲਮਾਂ ਸੱਚ ਦੀਆਂ,
ਲੋਕ-ਮਨਾਂ ਦੇ ਗੰਦੇ ਗਮਲੇ ਖ਼ੁਸ਼ਬੂ ਦੇ ਨਾਲ ਧੋ ਕੇ।

ਸਭਿਆਚਾਰ ਦਾ ਮਹਿਲ ਬਣਾਈਏ ਸੁੱਚਾ ਤੇ ਮਨਮੋਹਣਾ,
ਸੁੰਦਰ ਸੱਚ ਤੇ ਸੰਜਮ ਤਾਈਂ ਗੀਤਾਂ ਦੇ ਵਿਚ ਗੋ ਕੇ।

✪

## ਹਰ ਰੁੱਖ ਮੇਰਾ ਹੈ

ਚਾਰੇ ਪਾਸੇ ਪਸਰੀ ਰਾਤ ਹਨ੍ਹੇਰੀ ਹੈ!
ਲੋੜ ਹੈ 'ਨੇਰ੍ਹਾ ਫੂਕਣ ਦੀ, ਕਿਉਂ ਦੇਰੀ ਹੈ?

ਚਿੱਟੀ ਚਾਦਰ ਦਾਗ਼ੀ ਹੋਣਾ ਚਾਹੁੰਦੀ ਨਾ;
ਦਾਗ਼ੀ ਚਾਦਰ ਨੇ ਹਰ ਵਸਤ ਅਟੇਰੀ ਹੈ!

ਜਿਸ ਉੱਤੇ ਇਤਬਾਰ ਬੜਾ ਸੀ ਲੋਕਾਂ ਨੂੰ,
ਅੰਦਰ ਖ਼ਾਤੇ ਕਰਦਾ ਹੇਰਾ ਫੇਰੀ ਹੈ।

ਸਰਕਾਰ ਨਾ ਸਾਨੂੰ ਛਿੱਟ ਵੀ ਦਿੰਦੀ, ਪਰ ਉਹ
ਜੋਕਾਂ ਦੇ ਘਰ ਬੱਝੀ ਖਿੱਲ ਲਵੇਰੀ ਹੈ!

ਅੱਖੀਂ ਦੇਖ ਲਈ ਤਾਂ ਮੱਖੀ ਨਿਗਲੀਂ ਨਾ;
ਨਿਗਲੀ ਹੈ ਤਾਂ ਯਾਰਾ ਗ਼ਲਤੀ ਤੇਰੀ ਹੈ।

ਗਗਨਾਂ ਦੀ ਫੁਲਕਾਰੀ ਸਭ ਨੂੰ ਮੋਹ ਲੈਂਦੀ;
ਕੁਦਰਤ ਦੇ ਰੰਗਾਂ ਵਿਚ ਖਿੱਚ ਬਥੇਰੀ ਹੈ।

ਮੈਂ ਇੱਕ ਪੰਛੀ ਹਾਂ, ਕੁਦਰਤ ਤੇ ਸੰਗ ਰਹਾਂ;
ਹਰ ਰੁੱਖ ਮੇਰਾ ਹੈ, ਹਰ ਟਾਹਣੀ ਮੇਰੀ ਹੈ।

✪

## ਜ਼ਮਾਨਾ ਚੋਰਾਂ ਦਾ

ਲੁੱਟੀ ਜਾਂਦੇ ਨੇ ਦਿਨ ਰਾਤ, ਜ਼ਮਾਨਾ ਚੋਰਾਂ ਦਾ!
ਇੱਕ ਦੂਜੇ ਨੂੰ ਪਾਉਂਦੇ ਮਾਤ, ਜ਼ਮਾਨਾ ਚੋਰਾਂ ਦਾ!!

ਕਦ ਉਹ ਜਾਵਣ, ਆਪਾਂ ਲੁੱਟੀਏ, ਏਥੇ ਸੋਚ ਖੜ੍ਹੀ;
ਲੀਡਰ ਲਾਈ ਰੱਖਣ ਘਾਤ, ਜ਼ਮਾਨਾ ਚੋਰਾਂ ਦਾ!

ਵਾੜ ਖੇਤ ਨੂੰ ਖਾਂਦੀ, ਫੜੀ ਗਈ ਤੇ ਕਹਿੰਦੇ:
ਬੰਦਾ ਸੀ ਕੋਈ ਅਗਿਆਤ, ਜ਼ਮਾਨਾ ਚੋਰਾਂ ਦਾ!

ਸਾਊ ਬੰਦੇ ਦੀ ਤਾਂ ਕੋਈ ਪੁੱਛ-ਪਰਤੀਤ ਨਹੀਂ;
ਲੁੱਚੇ ਪੱਖੀ ਨੇ ਹਾਲਾਤ, ਜ਼ਮਾਨਾ ਚੋਰਾਂ ਦਾ!

ਸੁਰਗਾਂ ਨੂੰ ਸਿੱਧੇ ਜਾਂਦੇ, ਸਭ ਸਰਕਾਰੀ ਚੋਰ!
ਲੋਕ-ਡਰਾਵਾ ਹੈ ਪੁਲ ਸਰਾਤ, ਜ਼ਮਾਨਾ ਚੋਰਾਂ ਦਾ!!

ਬਦਨੀਤ ਜ਼ਖ਼ੀਰੇਬਾਜ਼ਾਂ ਭਾਅ ਅੰਬਰ ਚਾੜ੍ਹੇ ਨੇ;
ਤੈਂ, ਮੈਂ ਪਾਉਣੀ ਕਦੋਂ ਨਿਜਾਤ, ਜ਼ਮਾਨਾ ਚੋਰਾਂ ਦਾ!

ਮਹਿੰਗਾਈ ਦਾ ਜ਼ਹਿਰ ਪਿਆਲਾ ਹੈ ਮਜ਼ਲੂਮ ਲਈ!
ਲੋਟੂ ਸਾਂਭੀ ਫਿਰੇ ਨਿਵਾਤ, ਜ਼ਮਾਨਾ ਚੋਰਾਂ ਦਾ!!

ਚੋਣਾਂ ਵੇਲੇ ਹੱਥ ਜੋੜ ਕੇ ਜਿਹੜੇ ਮੰਗਣ ਵੋਟਾਂ,
ਫਿਰ ਭੁੱਲਣ ਔਕਾਤ, ਜ਼ਮਾਨਾ ਚੋਰਾਂ ਦਾ!

ਕੁਰਸੀ ਖ਼ਾਤਿਰ ਲੀਡਰ ਪੂਜੇ ਢੌਂਗੀ ਬਾਬੇ ਨੂੰ;
ਮੰਗੇ ਉਸ ਕੋਲੋਂ ਖ਼ੈਰਾਤ, ਜ਼ਮਾਨਾ ਚੋਰਾਂ ਦਾ!

ਲੁੱਟਣ ਗਰਮੀ, ਸਰਦੀ ਵਿਚ, ਲੁੱਟਣ ਵਿੱਚ ਬਹਾਰਾਂ;
ਪਤਝੜ ਭਾਵੇਂ ਹੈ ਬਰਸਾਤ, ਜ਼ਮਾਨਾ ਚੋਰਾਂ ਦਾ!

ਬੇਕਾਰੀ, ਭੁੱਖ, ਗ਼ਰੀਬੀ, ਬੇਚੈਨੀ ਤੇ ਧੋਖਾ,
ਸਾਨੂੰ ਕੀ ਨਈਂ ਮਿਲੀ ਸੁਗਾਤ, ਜ਼ਮਾਨਾ ਚੋਰਾਂ ਦਾ!

ਦਿਲ ਦੇ ਕਾਲੇ ਲੋਕਾਂ ਦੀ, ਹੈ ਸਰਦਾਰੀ ਏਥੇ;
ਹੰਝੂ ਕੇਰੇ ਹਰ ਪਰਭਾਤ, ਜ਼ਮਾਨਾ ਚੋਰਾਂ ਦਾ!

ਚਿੱਟੇ ਬਾਣੇ ਪਾ ਕੇ 'ਧਰਮੀ' ਲੁੱਟਣ ਆਉਂਦੇ ਨੇ!
ਤਹਿਜ਼ੀਬ ਬਣੀ ਹੈ ਜੰਗਲਾਤ, ਜ਼ਮਾਨਾ ਚੋਰਾਂ ਦਾ!!

✪

## ਅਪਣੇਪਨ ਦੀ ਖ਼ੁਸ਼ਬੂ

ਉਹ ਗ਼ੱਦਾਰ ਬਣੇ ਜਾਂ ਫਿਰ ਮੱਕਾਰ ਬਣੇ।
ਫਿਰ ਵੀ ਉਹ ਇੱਜ਼ਤ ਦੇ ਦਾਵ੍ਹੇਦਾਰ ਬਣੇ!

ਕੋਈ ਜੇ ਇੱਜ਼ਤ ਦਾ ਪਹਿਰੇਦਾਰ ਬਣੇ,
ਲੋਕਾਂ ਦੀ ਨਫ਼ਰਤ ਦਾ ਉਹੀ ਸ਼ਿਕਾਰ ਬਣੇ!

ਅਪਣੇਪਨ ਦੀ ਖ਼ੁਸ਼ਬੂ ਕਿਤੇ ਗੁਆਚੀ ਹੈ;
ਨਾ ਜਾਣੇ ਕਿਉਂ ਲੋਕੀ ਟੂਣੇਹਾਰ ਬਣੇ!

ਫਿਰ ਵੀ ਉਸਦਾ ਬੁਰਾ ਨਹੀਂ ਮੈਂ ਸੋਚਾਂਗਾ;
ਪੱਥਰ, ਧੋਖੇਬਾਜ਼ ਅਗਰ ਦਿਲਦਾਰ ਬਣੇ।

ਹਾਂ ਕਹੀਏ ਜਾਂ ਨਾਂਹ ਕਹੀਏ ਤਾਂ ਚੰਗਾ ਹੈ;
ਕਾਸ਼! ਕਿ ਏਦਾਂ ਹਰ ਕੋਈ ਖ਼ੁੱਦਾਰ ਬਣੇ!

ਦੁੱਖ ਦਲਿੱਦਰ ਕੱਟਣ ਸਾਡੇ ਸਭ ਦੇ ਹੀ,
ਲੋਕ-ਹਿਤੈਸ਼ੀ ਸਾਡਾ ਜੇ ਉਦਗਾਰ ਬਣੇ!

ਦੁੱਖ-ਸੁੱਖ ਵੇਲੇ ਸਾਂਝ ਦਿਲਾਂ ਦੀ ਟੁੱਟੇ ਨਾ;
ਕਾਸ਼! ਕਿ ਐਸਾ ਸਾਰਾ ਹੀ ਸੰਸਾਰ ਬਣੇ।

✪

## ਮੂਰਖ ਦਾ ਮੂਰਖ

ਮਾਨਵ ਤੈਨੂੰ ਸੂਝ ਨਾ ਆਈ, ਤੈਂ ਮੂਰਖ ਦਾ ਮੂਰਖ ਰਹਿਣੈ!
ਰਹਿਬਰ ਤੇਰੀ ਕਰੇ ਪਿਟਾਈ, ਤੈਂ ਮੂਰਖ ਦਾ ਮੂਰਖ ਰਹਿਣੈ!!

ਹੁਣ ਮਨ ਤੇਰੇ ਦੀ ਉੱਥਲ-ਪੁੱਥਲ ਜਾਮਾ ਲੋੜੇ ਸ਼ਬਦਾਂ ਦਾ;
ਹੈ ਆਵਾਜ਼ ਤੇਰੀ ਭਰੜਾਈ, ਤੈਂ ਮੂਰਖ ਦਾ ਮੂਰਖ ਰਹਿਣੈ।

ਤੂੰ ਤਿਲ-ਤਿਲ ਕਰਕੇ ਪਲ-ਪਲ ਮਰਦਾ ਰਹਿੰਦਾ ਏਂ, ਪਰ ਨਾ ਘਟਦੀ
ਤੇਰੇ ਦੁੱਖਾਂ ਦੀ ਕਰੜਾਈ, ਤੈਂ ਮੂਰਖ ਦਾ ਮੂਰਖ ਰਹਿਣੈ।

ਜੇ ਲੈਣੀ ਤਾਂ ਲੈ-ਲੈ ਸਿੱਖਿਆ ਸੱਚੇ ਗੁਰੂਆਂ ਤੋਂ, ਪਰ ਕਾਹਤੋਂ
ਪਾਵੇਂ ਧਰਮਾਂ ਵਿੱਚ ਲੜਾਈ, ਤੈਂ ਮੂਰਖ ਦਾ ਮੂਰਖ ਰਹਿਣੈ।

ਐ ਮਾਨਵ, ਤੂੰ ਨਾਅਰੇ ਲਾ ਕੇ ਭੀੜ ਜੁਟਾਵੇਂ, ਅੱਗ ਸੁਲਗਾਵੇਂ;
ਤੇਰੀ ਕੈਸੀ ਹੈ ਚਤਰਾਈ, ਤੈਂ ਮੂਰਖ ਦਾ ਮੂਰਖ ਰਹਿਣੈ।

ਦੁਨੀਆ ਦੇ ਇਸ ਮੇਲੇ ਅੰਦਰ ਦਿਨ ਰਾਤ ਗੁਆਚਾ ਫਿਰਦਾ ਏਂ;
ਕਾਹਤੋਂ ਭੋਗੇਂ ਤੂੰ ਤਨਹਾਈ, ਤੈਂ ਮੂਰਖ ਦਾ ਮੂਰਖ ਰਹਿਣੈ।

ਲੋਕਾਂ ਵਿੱਚੋਂ ਪੈਦਾ ਕਰ, ਐ ਮਾਨਵ, ਰਹਿਬਰ ਜਿਸਨੂੰ ਕਹੀਏ;
ਹਾਲੇ ਸੋਚ ਨਾ ਲੀਹੇ ਪਾਈ, ਤੈਂ ਮੂਰਖ ਦਾ ਮੂਰਖ ਰਹਿਣੈ।

✪

## ਦੋ ਡੰਗ ਦੀ ਰੋਟੀ

ਗੱਲ ਸਿੱਧੀ ਕਰਨ ਵਿਚ ਧਰਵਾਸ ਹੈ ਮੈਨੂੰ।
ਇਹ ਅਸਰ ਦਿਲ 'ਤੇ ਕਰੂ, ਇਕ ਆਸ ਹੈ ਮੈਨੂੰ।

ਜੇ ਦਿਮਾਗੀ ਕਸਰਤਾਂ ਹੀ ਕਰਨੀਆਂ ਲੋੜੇਂ,
ਕਾਵਿ ਆਖੇ, ਨਸਰ ਆਉਣੀ ਰਾਸ ਹੈ ਮੈਨੂੰ।

ਮੈਂ ਉਨ੍ਹਾਂ ਦਾ ਹਿੱਤ ਪਾਲ੍ਹਾਂ ਜੋ ਵਿਚਾਰੇ ਨੇ;
ਵਕਤ ਸਮਝੇਗਾ, ਬੜਾ ਵਿਸ਼ਵਾਸ ਹੈ ਮੈਨੂੰ।

ਉਹ ਹਵਾ ਵਿਚ ਹੀ ਕਿਲ੍ਹੇ ਉੱਚੇ ਬਣਾਉਂਦਾ ਹੈ;
ਉਸਦਾ ਜੀਣਾ ਜਾਪਦਾ ਬਕਵਾਸ ਹੈ ਮੈਨੂੰ।

ਨਾ ਹੀ ਕਲੀਆਂ ਦਾ, ਨਾ ਫੁੱਲਾਂ ਦਾ, ਮਗਰ ਮਿਲਿਆ
ਕੰਡਿਆਂ ਦਾ ਹੀ ਕੋਈ ਸਹਿਵਾਸ ਹੈ ਮੈਨੂੰ।

ਹੈ ਸਵਾਗਤ ਆਉਣ 'ਤੇ ਪਰ ਜਾਣ ਦਾ ਗ਼ਮ ਹੈ;
ਸਭ ਦਿਸ਼ਾਵੀਂ ਹਰ ਬਸ਼ਰ ਹੀ ਖ਼ਾਸ ਹੈ ਮੈਨੂੰ।

ਨਾਂ ਬਦਲ ਕੇ ਢਿੱਡ ਲੋਕਾਂ ਦੇ ਨਹੀਂ ਭਰਨੇ;
ਕਹਿਣ ਨੂੰ ਸੌਖਾ ਸਗੋਂ ਮਦਰਾਸ ਹੈ ਮੈਨੂੰ।

ਕਾਸ਼! ਸਭ ਨੂੰ ਹੀ ਮਿਲੇ ਦੋ ਡੰਗ ਦੀ ਰੋਟੀ;
ਇਹ ਮੇਰੀ ਅਰਦਾਸ ਵੀ, ਰਹਿਰਾਸ ਹੈ ਮੈਨੂੰ।

ਧਰਤ ਹੀ ਲੋਕਾਂ ਲਈ ਇਕ ਸੁਰਗ ਹੋਵੇਗੀ;
ਬਸ ਇਸੇ ਗੱਲ ਦਾ ਰਿਹਾ ਅਹਿਸਾਸ ਹੈ ਮੈਨੂੰ।

✪

# ਰੰਗਣ ਵਾਲਾ ਮਾਹਿਰ

ਆਦਿ-ਜੁਗਾਦੋਂ ਨਾਰੀ ਜੋ ਦੁਰਕਾਰੀ ਹੈ,
ਸੱਚ ਕਹੋ ਤਾਂ ਨਰ ਦੀ ਉਹ ਖ਼ੁੱਦਾਰੀ ਹੈ।

ਭਾਵਾਂ ਦੀ ਬਹੁਤਾਤ ਕਹਾਉਂਦੀ ਨਾਰੀ ਹੈ;
ਹਰ ਖੇਤਰ ਵਿਚ ਬੰਦੇ ਨੂੰ ਲਲਕਾਰੀ ਹੈ।

ਸੂਰਤ ਪੱਖੋਂ ਕੁਛ ਵੀ ਕਹਿਣਾ ਵਾਜਬ ਨਾ;
ਉਹ ਨਿੱਘੀ ਸੀਰਤ ਦੀ ਭਰੀ ਪਟਾਰੀ ਹੈ।

ਜੀਵਨ ਦੇ ਵਿਚ ਮਹਿਕਾਂ ਵੰਡੇ ਹਰ ਵੇਲੇ;
ਉਹ ਖਿੜਦੇ ਫੁੱਲਾਂ ਦੀ ਨਿਰੀ ਕਿਆਰੀ ਹੈ।

ਪਿਆਰ 'ਚ ਪਿਘਲੀ ਨਿੱਘ ਅਨੋਖਾ ਵੰਡੇ ਉਹ;
ਭਾਵਾਂ 'ਤੇ ਸੱਟ ਖਾ ਕੇ ਤੇਜ਼ ਕਟਾਰੀ ਹੈ।

ਗਗਨਾਂ ਦੇ ਵਿਚ ਉਡਣਾ ਲੋਚੇ ਹਰ ਨਾਰੀ;
ਵੱਡਾ ਕਜ਼ੀਆ ਘਰ ਦੀ ਚਾਰ-ਦਿਵਾਰੀ ਹੈ।

ਨਾਰੀ ਐਵੇਂ ਛਾਵਾਂ ਦੀ ਪਰਤੀਕ ਨਹੀਂ,
ਜਿਗਰੇ ਦੀ ਮੂਰਤ ਸਾਰੀ ਦੀ ਸਾਰੀ ਹੈ।

ਨਰ ਦੇ ਅੱਖਰ ਸੁੰਨੇ ਹਨ, ਪਰ 'ਨਾਰੀ' ਵਿਚ
ਨੰਨ੍ਹੇ ਕੰਨਾ, ਰਾਰੇ ਨਾਲ ਬਿਹਾਰੀ ਹੈ।

ਉਸ 'ਤੇ ਚੜ੍ਹਿਆ ਮਮਤਾ ਦਾ ਰੰਗ ਲਹਿੰਦਾ ਨਾ;
ਰੰਗਣ ਵਾਲਾ ਮਾਹਿਰ ਕੋਈ ਲਿਲਾਰੀ ਹੈ।

✪

# ਹੰਝੂ

ਬੜੇ ਹੀ ਕੀਮਤੀ ਹੁੰਦੇ, ਮੁਹੱਬਤ ਪਿਆਰ ਦੇ ਹੰਝੂ।
ਕਦੇ ਮੈਂ ਜਰ ਨਹੀਂ ਸਕਦਾ, ਵਹਾਏ ਯਾਰ ਦੇ ਹੰਝੂ।

ਜਦੋਂ ਕਿਰਦੇ, ਉਦੋਂ ਸਮਝੋ ਕਿਸੇ ਮਜ਼ਲੂਮ ਦੇ ਹੁੰਦੇ;
ਨਹੀਂ ਕਿਰਦੇ ਕਿਸੇ ਜ਼ਾਲਮ, ਕਿਸੇ ਖ਼ੂੰਖਾਰ ਦੇ ਹੰਝੂ।

ਜਦੋਂ ਜ਼ਾਲਮ ਚਲਾਉਂਦਾ ਹੈ, ਸਫ਼ੀਨਾ ਡੋਲਦੀ ਜਾਪੇ;
ਉਦੋਂ ਕੁਛ ਕਹਿ ਰਹੇ ਹੁੰਦੇ, ਕਿਸੇ ਪਤਵਾਰ ਦੇ ਹੰਝੂ।

ਉਹ ਅਤਿ ਮਜਬੂਰ ਹੋਵੇਗਾ, ਉਹ ਅਤਿ ਲਾਚਾਰ ਹੋਵੇਗਾ;
ਨਹੀਂ ਕਿਰਦੇ, ਕਦੇ ਓਦਾਂ, ਕਿਸੇ ਖ਼ੁੱਦਾਰ ਦੇ ਹੰਝੂ।

ਤੁਸੀਂ ਵਿਸ਼ਵਾਸ ਨਾ ਕਰਿਓ, ਰਹਿਮ ਕਰਿਓ ਨਾ ਭੋਰਾ ਵੀ;
ਸਦਾ ਹੁੰਦੇ ਵਿਖਾਵਾ ਹੀ, ਕਿਸੇ ਮੱਕਾਰ ਦੇ ਹੰਝੂ।

ਹਯਾਤੀ ਜ਼ਰਦ ਹੋ ਜਾਂਦੀ, ਪਲੀਂ ਬੇਪਰਦ ਹੋ ਜਾਂਦੀ;
ਨਾ ਛੱਡਣ ਆਰ ਦੇ ਹੰਝੂ, ਨਾ ਛੱਡਣ ਪਾਰ ਦੇ ਹੰਝੂ।

ਉਹ ਲੀਹੋਂ ਲਹਿ ਗਿਆ ਦੇਖੋ, ਸਟੇਜੀਂ ਰੋ ਰਿਹਾ ਦੇਖੋ;
ਕਰੋ ਚਾਰਾ, ਹੁਣੇ ਪੂੰਝੋ, ਇਹ ਸਭਿਆਚਾਰ ਦੇ ਹੰਝੂ।

ਕਹੇ ਰਹਿਬਰਃ ਵਿਦੇਸ਼ਾਂ ਤੋਂ ਕਰੰਸੀ ਮੋੜ ਕੇ ਰਹਿਣੈ;
ਇਹ ਵੋਟਾਂ ਲੈਣ ਦੇ ਚਾਲੇ, ਕਿਸੇ ਸਰਕਾਰ ਦੇ ਹੰਝੂ।

ਕਹਾਣੀ ਆਪਣੀ ਖ਼ੁਦ ਕਹਿਣ ਦੇ ਆਦੀ ਰਹੇ ਮੁੱਢੋਂ;
ਰਹੇ ਮੁਹਤਾਜ ਨਾ ਬਿਲਕਲ, ਕਿਸੇ ਵਿਸਤਾਰ ਦੇ ਹੰਝੂ।

ਫਹੇ ਬਣ ਕੇ ਚਿਪਕ ਜਾਂਦੇ, ਘਟਾਉਂਦੇ ਚੀਸ ਜ਼ਖ਼ਮਾਂ ਦੀ;
ਕਿਸੇ ਹਮਦਰਦ ਦੇ ਹੰਝੂ, ਕਿਸੇ ਉਪਚਾਰ ਦੇ ਹੰਝੂ।

ਉਨ੍ਹਾਂ ਵਿਚ ਵੇਦਨਾ ਦਿਲ ਦੀ, ਨਾ ਕੋਈ ਸੋਜ਼ ਹੁੰਦਾ ਹੈ,
ਨਹੀਂ ਹੁੰਦੇ ਕਿਸੇ ਅਸਲੀ, ਜੋ ਦਾਵ੍ਹੇਦਾਰ ਦੇ ਹੰਝੂ।

ਭੁਲੇਖਾ ਹੀ ਸਦਾ ਪਾਉਂਦੇ, ਕਿਸੇ ਕਿਰਦਾਰ ਸੱਚੇ ਦਾ,
ਜੋ ਧੋਖੇਬਾਜ਼ ਦੇ ਹੰਝੂ, ਕਿਸੇ ਬਦਕਾਰ ਦੇ ਹੰਝੂ।

ਕਿਸੇ ਦੇ ਦਿਲ 'ਚ ਖੁੱਭਣਗੇ, ਇਹ ਤਿੱਖੇ ਤੀਰ ਹੁੰਦੇ ਨੇ;
ਕਿਸੇ ਦੁਖਿਆਰ ਦੇ ਹੰਝੂ, ਕਿਸੇ ਸਚਿਆਰ ਦੇ ਹੰਝੂ।

ਉਦੋਂ ਫਿਰ ਡੋਲ ਜਾਂਦੇ ਨੇ, ਇਰਾਦੇ ਭੈੜਿਆਂ ਵਾਲੇ;
ਜਦੋਂ ਵੰਗਾਰਦੇ ਹੰਝੂ, ਜਦੋਂ ਲਲਕਾਰਦੇ ਹੰਝੂ।

ਇਹ ਬੰਦਾ ਮਾਣ ਦੇ ਕਾਬਿਲ, ਬਣੂ ਸਤਿਕਾਰ ਦੇ ਕਾਬਿਲ,
ਜਦੋਂ ਮੁਸਕਾਨ ਵਿਚ ਬਦਲੂ, ਇਹ ਕੁੱਲ ਸੰਸਾਰ ਦੇ ਹੰਝੂ।

✪

## ਮੌਤ ਬੁਲਾਈ ਜਾਂਦੇ ਹੋ

ਰੁੱਖਾਂ ਦੀ ਕਿਉਂ ਛੂਣ ਮੁਕਾਈ ਜਾਂਦੇ ਹੋ ?
ਅਪਣੀ ਬੇੜੀ ਵੱਟੇ ਪਾਈ ਜਾਂਦੇ ਹੋ।

ਰੁੱਖ ਦੀ ਛਾਂ ਤਾਂ ਮਾਂ ਦੀ ਮਮਤਾ ਹੁੰਦੀ ਹੈ;
ਮਾਂ ਦੀ ਮਮਤਾ ਨੂੰ ਠੁਕਰਾਈ ਜਾਂਦੇ ਹੋ।

ਮਾਰੂਥਲ ਦੀ ਰੇਤਾ ਆਪਾਂ ਫੱਕਾਂਗੇ;
ਰੁੱਖ ਕੱਟਣਾ ਕਿਉਂ ਲੋੜ ਬਣਾਈ ਜਾਂਦੇ ਹੋ ?

ਰੁੱਖਾਂ ਨਾਲ ਮੁਹੱਬਤ ਪਾਲ੍ਹੋ, ਚੰਗਾ ਹੈ;
ਇਸ ਪੱਖੋਂ ਕੰਨੀ ਕਤਰਾਈ ਜਾਂਦੇ ਹੋ।

ਪੰਛੀ ਕਿੱਥੇ ਕਰਨ ਵਸੇਰਾ, ਸੋਚੋ ਤਾਂ;
ਘਰ ਉਹਨਾਂ ਦੇ ਖ਼ਾਕ ਮਿਲਾਈ ਜਾਂਦੇ ਹੋ।

ਹੁੰਦੇ ਰੁੱਖ ਸੁਹੱਪਣ, ਸ਼ਾਨ ਇਹ ਧਰਤੀ ਦੀ;
ਹੋਸ਼ ਕਰੋ, ਇਹ ਕਿਉਂ ਕਟਵਾਈ ਜਾਂਦੇ ਹੋ!

ਰੁੱਖ ਤਾਂ ਲੋਕੋ ਜੀਵਨ-ਦਾਨੀ ਹੁੰਦੇ ਨੇ;
ਰੁੱਖ ਵਢਾ ਕੇ, ਮੌਤ ਬੁਲਾਈ ਜਾਂਦੇ ਹੋ।

✪

## ਹਯਾਤੀ ਮਾਰਦੀ ਧਾਹਾਂ

ਜਵਾਨੀ ਤਾਂ ਫਿਰੇ ਭਟਕੀ, ਨਸ਼ੇ ਵਿਚ ਚੂਰ ਹੋਈ ਹੈ।
ਹਯਾਤੀ ਮਾਰਦੀ ਧਾਹਾਂ, ਇਵੇਂ ਮਜਬੂਰ ਹੋਈ ਹੈ।

ਬੁਢਾਪਾ ਰੁਲ਼ ਰਿਹਾ ਏਥੇ, ਕੋਈ ਵੀ ਸਾਰ ਨਾ ਲੈਂਦਾ;
ਜਵਾਨੀ ਹੋਸ਼ ਖੋ ਬੈਠੀ, ਜੜ੍ਹਾਂ ਤੋਂ ਦੂਰ ਹੋਈ ਹੈ।

ਕਿਸੇ ਦਾ ਮਾਣ ਕੀ ਰੱਖਣਾ, ਕੋਈ ਸਤਿਕਾਰ ਕੀ ਕਰਨਾ!
ਜਵਾਨੀ ਹਉਂ 'ਚ ਫਿੱਸੀ ਹੈ, ਬੜੀ ਮਗ਼ਰੂਰ ਹੋਈ ਹੈ!!

ਧੁਆਂਖੇ ਚਿਹਰਿਆਂ ਵਾਲੀ ਜਵਾਨੀ ਦਿਸ ਰਹੀ ਸਾਨੂੰ,
ਨਸ਼ੇ ਨੇ ਖਾ ਲਈ ਜਿਹੜੀ, ਕਦੋਂ ਪੁਰਨੂਰ ਹੋਈ ਹੈ!

ਜਵਾਨੀ ਗਾਲਣੀ ਚਾਹੁੰਦੇ, ਕਮਾਉਣਾ ਧਨ ਕਹੋ ਮੰਤਵ;
ਨਸ਼ੇ ਦੀ ਯੋਜਨਾ ਸਾਰੀ, ਇਵੇਂ ਮਨਜ਼ੂਰ ਹੋਈ ਹੈ।

ਪੰਸਾਰੀ ਖ਼ੁਦ ਹੀ ਰਹਿਬਰ ਨੇ, ਵਿਕੇ ਹੁਣ ਮਾਲ ਜ਼ੋਰਾਂ 'ਤੇ;
ਨਸ਼ਾਖੋਰੀ ਹਯਾਤੀ ਦਾ ਜਿਵੇਂ ਦਸਤੂਰ ਹੋਈ ਹੈ।

ਪੰਜਾਬੀ ਮਾਣ ਕਰਦੇ ਸਨ ਨਰੋਏ ਡੌਲ਼ਿਆਂ ਉੱਤੇ;
ਇਹ ਧਰਤੀ ਅਮਲੀਆਂ ਕਰਕੇ, ਹੁਣੇ ਮਸ਼ਹੂਰ ਹੋਈ ਹੈ।

✪

## ਅਹਿਸਾਸ ਮੁਹੱਬਤ ਦਾ

ਅਹਿਸਾਸ ਮੁਹੱਬਤ ਦਾ, ਦਿੰਦਾ ਹੈ ਮਜ਼ਾ ਕੋਈ;
ਵਰਸੇ ਤਾਂ ਘਟਾ ਕੋਈ, ਰੁਮਕੇ ਤਾਂ ਹਵਾ ਕੋਈ।

ਕਾਨੂੰਨ ਨਹੀਂ ਬਣਿਆਂ, ਦਿਲ ਦੀ ਜੋ ਸੁਣੇ ਗਾਥਾ!
ਦਿਲਬਰ ਜੇ ਚੁਰਾ ਲੈਂਦਾ, ਲਗਦੀ ਨਾ ਦਫ਼ਾ ਕੋਈ!!

ਦਿਲਬਰ ਜੇ ਚੁਰਾਵੇ ਦਿਲ, ਲਗਦੀ ਨਾ ਦਫ਼ਾ ਭਾਵੇਂ,
ਭੁਗਤੇ ਉਹ ਮੁਹੱਬਤ ਦੀ, ਤਾ-ਉਮਰ ਸਜ਼ਾ ਕੋਈ।

ਘਾਟਾ ਨਾ ਕੋਈ ਦੇਖੇ, ਵਾਧਾ ਨਾ ਕੋਈ ਦੇਖੇ,
ਹੁੰਦੀ ਨਾ ਮੁਹੱਬਤ ਵਿਚ, ਸੋਚਣ ਨੂੰ ਜਗ੍ਹਾ ਕੋਈ।

ਇਸ ਵਣਜ ਮੁਹੱਬਤ ਵਿਚ, ਸਾਵਾਂ ਨਾ ਰਹੇ ਬੰਦਾ;
ਝੱਲਦਾ ਹੈ ਖ਼ਸਾਰਾ ਹੀ, ਹੁੰਦਾ ਨਾ ਨਫ਼ਾ ਕੋਈ।

ਇਕ ਜ਼ਖ਼ਮ ਮੁਹੱਬਤ ਦਾ, ਰਹਿੰਦਾ ਹੈ ਸਦਾ ਰਿਸਦਾ,
ਜਿਸਦੀ ਨਾ ਦਵਾ ਕੋਈ, ਜਿਸਦੀ ਨਾ ਦੁਆ ਕੋਈ।

ਨੈਣਾਂ ਦੇ ਪੁਆੜੇ ਨੇ, ਬੰਦੇ ਹੀ ਉਜਾੜੇ ਨੇ;
ਚੇਤੇ 'ਚ ਵਸੇ ਰਹਿੰਦੇ, ਸਕਦਾ ਨਾ ਭੁਲਾ ਕੋਈ।

✪

## ਕੁਲ ਕੁੜੱਤਣ

ਜ਼ਿੰਦਗੀ ਵਿਚ ਆਉਂਦੀਆਂ ਬੜੀਆਂ ਬਲਾਵਾਂ ਦਿਸਦੀਆਂ;
ਕੁੱਝ ਕੁ ਤਾਂ ਨਾਸੂਰ ਬਣ ਕੇ ਜ਼ਿੰਦਗੀ ਭਰ ਰਿਸਦੀਆਂ।

ਜ਼ਿੰਦਗੀ ਦੀ ਕੁਲ ਕੁੜੱਤਣ ਪੀ ਮੁਕਾਉਣੀ ਹੈ ਇਨ੍ਹਾਂ;
ਕੰਜਕਾਂ ਨੂੰ ਗੰਦਲਾਂ ਨਾ ਆਖ ਭਰੀਆਂ ਵਿਸ ਦੀਆਂ।

ਮਹਿਕਮੇਂ ਦੇ ਅਫ਼ਸਰਾਂ ਨੂੰ ਫ਼ਰਜ਼ ਚੇਤੇ ਨਾ ਰਹੇ;
ਪਾਠਸ਼ਾਲੀਂ ਕੌਣ ਕਰਦਾ ਹੈ ਉਡੀਕਾਂ 'ਮਿਸ' ਦੀਆਂ।

ਚਾਤਰਾਂ ਨੇ ਸਿੱਖ ਲਿਆ ਹੈ ਕਿਸ ਤਰ੍ਹਾਂ ਕਰਨਾ ਬਚਾਅ;
ਭੋਲ਼ੀਆਂ ਜਿੰਦਾਂ ਵਿਚਾਲੇ ਦੋ ਪੁੜਾਂ ਦੇ ਪਿਸਦੀਆਂ।

ਪੱਥਰਾਂ ਨੂੰ ਪੀਸਿਆਂ 'ਤੇ ਧੂੜ ਉਡਦੀ ਹੈ, ਮਗਰ
ਇਕ ਸੁਗੰਧੀ ਫੈਲਦੀ ਜਦ ਸੁਹਲ ਕਲੀਆਂ ਫਿਸਦੀਆਂ।

ਮੱਤ ਮੋਟੀ ਵਾਲਿਆਂ ਉੱਤੇ ਅਸਰ ਹੁੰਦਾ ਨਹੀਂ;
ਹਾਲ ਪੁੱਛੋ ਉਸਨੂੰ, ਪੀੜਤ ਭਾਵਨਾਵਾਂ ਜਿਸ ਦੀਆਂ।

ਇਕ ਅਜੇਹਾ ਹਾਦਸਾ ਹੋਇਆ ਕਿ ਰੋਇਆ ਹਰ ਕੋਈ;
ਇਹ ਨਾ ਪੁੱਛੋ ਮੈਨੂੰ ਅੱਖਾਂ ਨਮ ਨਹੀਂ ਸਨ ਕਿਸ ਦੀਆਂ।

✪

## ਕੁਛ ਕਰੋ ਹੁਣ ਦੋਸਤੋ

ਚੌੜ-ਚਾਨਣ ਹਾਕਮਾਂ ਦਾ ਕੁਛ ਕਰੋ ਹੁਣ ਦੋਸਤੋ।
ਚੋਰ, ਦਾਗ਼ੀ ਅਫ਼ਸਰਾਂ ਦਾ ਕੁਛ ਕਰੋ ਹੁਣ ਦੋਸਤੋ।

ਦੇਸ਼-ਭਗਤਾਂ ਦੀ ਤਮੰਨਾ ਆਖ਼ਰੀ ਦਮ ਲੈ ਰਹੀ;
ਪਾਜੀਆਂ ਦਾ, ਬੁਜ਼ਦਿਲਾਂ ਦਾ ਕੁਛ ਕਰੋ ਹੁਣ ਦੋਸਤੋ।

ਜ਼ਿੰਦਗੀ ਦੇ ਪਾਣੀਆਂ ਵਿਚ ਜੋ ਮਚਾਉਂਦੇ ਖ਼ਲਬਲੀ,
ਪਾਪੀਆਂ, ਜਰਵਾਣਿਆਂ ਦਾ ਕੁਛ ਕਰੋ ਹੁਣ ਦੋਸਤੋ।

ਦਿਨ-ਬ-ਦਿਨ ਗਿਣਤੀ ਇਨ੍ਹਾਂ ਦੀ ਵਧ ਰਹੀ ਹੈ ਜਿਸ ਤਰ੍ਹਾਂ,
ਰਾਖਸ਼ਾਂ ਦਾ, ਰਾਵਣਾਂ ਦਾ ਕੁਛ ਕਰੋ ਹੁਣ ਦੋਸਤੋ।

ਦਿਨ-ਦਿਹਾੜੇ ਕਤਲ ਹੁੰਦੈ ਸੱਚ ਏਥੇ ਰੋਜ਼ ਹੀ,
ਕਾਤਲਾਂ ਦਾ, ਖੰਜਰਾਂ ਦਾ ਕੁਛ ਕਰੋ ਹੁਣ ਦੋਸਤੋ।

ਧਨ ਉਨ੍ਹਾਂ ਨੇ ਲੁੱਟਿਆ, ਬੈਂਕਾਂ ਅਫ਼ਾਰਾ ਝੱਲਦੀਆਂ;
ਲੋਟੂਆਂ ਦਾ, ਕਾਰੂੰਆਂ ਦਾ ਕੁਛ ਕਰੋ ਹੁਣ ਦੋਸਤੋ।

ਹੁਣ ਸ਼ਹੀਦੀ ਸੋਚ ਦੇ ਅਨੁਸਾਰ ਕੁਛ ਦਿਸਦਾ ਨਹੀਂ;
ਚਾਲਬਾਜ਼ਾਂ, ਲੂੰਬੜਾਂ ਦਾ ਕੁਛ ਕਰੋ ਹੁਣ ਦੋਸਤੋ।

ਚੋਣ ਵੇਲੇ ਖੇਡਦੇ ਜੋ ਵੋਟਰਾਂ ਦੇ ਕੋਲ ਜਾ,
ਨਾਟਕਾਂ ਦੇ ਪਾਤਰਾਂ ਦਾ ਕੁਛ ਕਰੋ ਹੁਣ ਦੋਸਤੋ।

ਨੀਂਦ ਗੂੜ੍ਹੀ ਸੌਂ ਰਹੇ ਫ਼ਰਜ਼ਾਂ ਨੂੰ ਛਿੱਕੇ ਟੰਗ ਕੇ,
ਗਾਫ਼ਲਾਂ, ਬਹੁ-ਰੂਪੀਆਂ ਦਾ ਕੁਛ ਕਰੋ ਹੁਣ ਦੋਸਤੋ।

ਕਿਰਤੀਆਂ ਤੇ ਕਾਮਿਆਂ ਦੇ ਹੱਕ ਮਾਰੀ ਜਾ ਰਹੇ,
ਮੁਫ਼ਤਖੋਰੇ, ਵਿਹਲੜਾਂ ਦਾ ਕੁਛ ਕਰੋ ਹੁਣ ਦੋਸਤੋ।

ਬਾਗ਼ ਵਿਚ ਝੱਖੜ ਹਨ੍ਹੇਰੀ ਨਾਂ ਨਾ ਲੈਂਦੇ ਰੁਕਣ ਦਾ;
ਫੁੱਲ, ਬੂਟੇ, ਖ਼ੁਸ਼ਬੂਆਂ ਦਾ ਕੁਛ ਕਰੋ ਹੁਣ ਦੋਸਤੋ।

ਇਸ ਫ਼ਜ਼ਾ ਵਿਚ ਸਭ ਘਰਾਂ ਨੂੰ ਘੋਰ ਖ਼ਤਰਾ ਜਾਪਦੈ;
ਨਾਰੀਆਂ ਦਾ, ਕੰਜਕਾਂ ਦਾ ਕੁਛ ਕਰੋ ਹੁਣ ਦੋਸਤੋ।

ਕਲਪਨਾ ਵਿਚ ਸੀ ਬੜਾ ਕੁਛ ਦੇਖਿਆ ਪਿਆਰਾ ਜਿਹਾ;
ਟੁੱਟ ਚੱਲੇ ਸੁਪਨਿਆਂ ਦਾ ਕੁਛ ਕਰੋ ਹੁਣ ਦੋਸਤੋ।

ਆਦਮੀ ਤਾਂ ਪੈਸਿਆਂ ਦੀ ਲਾਲਸਾ ਵਿਚ ਗਰਕਿਆ;
ਭਾਵਨਾਵਾਂ, ਹਸਰਤਾਂ ਦਾ ਕੁਛ ਕਰੋ ਹੁਣ ਦੋਸਤੋ।

ਚੁੱਪ ਕਰਕੇ ਬੈਠਣਾ ਸਾਡੇ ਲਈ ਵਾਜਬ ਨਹੀਂ;
ਸਾਡੀਆਂ ਬੇਚੈਨੀਆਂ ਦਾ ਕੁਛ ਕਰੋ ਹੁਣ ਦੋਸਤੋ।

ਇਕ ਸਮਾਂ ਸੀ, ਸਾਂਝ-ਤੰਦਾਂ ਜਦ ਬਹੁਤ ਮਜ਼ਬੂਤ ਸਨ;
ਟੁੱਟ ਰਹੇ ਜੋ, ਰਿਸ਼ਤਿਆਂ ਦਾ ਕੁਛ ਕਰੋ ਹੁਣ ਦੋਸਤੋ।

ਨਿਰਧਨਾਂ ਨੂੰ ਤਰਸ ਦੇ ਪਾਤਰ ਬਣਾਓ ਹੋਰ ਨਾ;
ਝੁੱਗੀਆਂ ਦਾ, ਬਸਤੀਆਂ ਦਾ ਕੁਛ ਕਰੋ ਹੁਣ ਦੋਸਤੋ।

✪

## ਟੋਹ ਟੋਹ ਤੁਰਨਾ

ਟੋਹ ਟੋਹ ਤੁਰਨਾ ਪੈਂਦਾ, ਘੁੱਪ-ਹਨ੍ਹੇਰਾ ਹੈ।
ਲਗਦਾ ਹੈ ਜਿਉਂ ਜੰਗਲ ਵਿਚ ਘਰ ਮੇਰਾ ਹੈ।

ਗਗਨੋਂ ਲਹਿ ਕੇ ਧਰਤੀ ਉੱਤੇ ਆ ਗਈਆਂ,
ਗਣਤੰਤਰ ਨੂੰ ਗਿਰਝਾਂ ਪਾਇਆ ਘੇਰਾ ਹੈ।

ਲੋਕੀ ਹਉਂ-ਪਰੇ ਵਿਚ ਜੀਵਨ ਜੀਂਦੇ ਨੇ,
ਨਿਰਭਉ ਹੋਇਆ ਫਿਰਦਾ ਅੱਜ ਲੁਟੇਰਾ ਹੈ।

ਸੱਚ ਦੀ ਮੰਜ਼ਿਲ ਦੱਸੋ ਕਿੱਦਾਂ ਪਾਵਾਂਗੇ!
ਅੰਨ੍ਹਾ ਹੋਇਆ ਫਿਰਦਾ ਰਾਹ-ਦਿਸੇਰਾ ਹੈ!!

ਬਾਕੀ ਰੰਗ ਤਾਂ ਸਾਰੇ ਫਿੱਕੇ ਦਿਸਦੇ ਨੇ,
ਝੂੱਲਦਾ ਉੱਚਾ ਹੁਣ ਤਾਂ ਸਿਆਹ ਫਰੇਰਾ ਹੈ।

ਖੁਸ਼ੀਆਂ ਲੱਦੇ ਚਾਅ ਮਸੋਸੇ ਫਿਰਦੇ ਨੇ;
ਕਾਲਖ ਦੇ ਵਿਚ ਲੁਕਿਆ ਜਿਵੇਂ ਸਵੇਰਾ ਹੈ।

ਆਪਾਂ ਤਾਂ ਕਿਰਦਾਰ ਹੀ ਗਹਿਣੇ ਪਾ ਦਿੱਤਾ!
ਸੱਚ ਕਹਿਣ ਦਾ ਬਚਿਆ ਕਿੱਥੇ ਜੇਰਾ ਹੈ!!

ਲੋਟੂ ਜੇਕਰ ਖੁੱਲ੍ਹ ਏਦਾਂ ਹੀ ਮਾਣੇਗਾ,
ਫੇਰ ਤਾਂ ਯਾਰਾ, ਭਲਕ ਮੇਰਾ ਨਾ ਤੇਰਾ ਹੈ।

✪

## ਦਿਲਾਂ ਵਿਚ ਮੁਹੱਬਤ

ਜਿਨ੍ਹਾਂ ਵੀ ਦਿਲਾਂ ਵਿਚ ਲਤਾਫ਼ਤ ਵਸੇਗੀ,
ਉਨ੍ਹਾਂ ਹੀ ਦਿਲਾਂ ਵਿਚ ਮੁਹੱਬਤ ਵਸੇਗੀ।

ਜਿਨ੍ਹਾਂ ਦੇ ਦਿਲਾਂ ਵਿਚ ਅਦਾਵਤ ਵਸੇਗੀ,
ਉਨ੍ਹਾਂ ਦੇ ਘਰਾਂ ਵਿਚ ਕਿਆਮਤ ਵਸੇਗੀ।

ਅਗਰ ਹਰ ਕਿਸੇ ਵਿਚ ਸ਼ਰਾਫ਼ਤ ਵਸੇਗੀ,
ਤਾਂ ਜੀਵਨ 'ਚ ਬਰਕਤ ਹੀ ਬਰਕਤ ਵਸੇਗੀ।

ਅਗਰ ਸੋਚ ਸਾਡੀ 'ਚ ਦੁਰਮਤ ਵਸੇਗੀ,
ਦਿਲਾਂ ਵਿਚ ਕਿਵੇਂ ਫਿਰ ਇਬਾਦਤ ਵਸੇਗੀ?

ਹਿਯਾਤੀ 'ਚ ਹਲਚਲ ਮਚੇਗੀ ਉਦੋਂ ਫਿਰ,
ਦਿਲਾਂ ਵਿਚ ਜਦੋਂ ਵੀ ਸ਼ਰਾਰਤ ਵਸੇਗੀ।

ਮੁਸੀਬਤ ਦੀ ਪਰਵਾਹ ਕੀ ਹੋਣੀ ਉਨ੍ਹਾਂ ਨੂੰ,
ਘਟਾਂ ਵਿਚ ਜਿਨ੍ਹਾਂ ਦੇ ਵੀ ਹਿੰਮਤ ਵਸੇਗੀ।

ਖ਼ੁਦਾ ਦੀ ਜੋ ਰਹਿਮਤ ਦੇ ਭਾਗੀ ਨੇ ਹੁੰਦੇ,
ਉਨ੍ਹਾਂ ਵਿਚ ਵਸੇਗੀ ਤਾਂ ਰੰਗਤ ਵਸੇਗੀ।

✪

## ਰੁਸ ਗਈ ਕਾਇਨਾਤ

ਨਾ ਹੀ ਦਿਨ ਹੈ, ਨਾ ਰਾਤ ਸਾਡੀ ਹੈ।
ਰੁਸ ਗਈ ਕਾਇਨਾਤ ਸਾਡੀ ਹੈ।

ਜੀ ਰਹੇ ਹਾਂ ਅਜੀਬ ਉਲਝਣ ਵਿਚ!
ਕਿਸ ਤਰ੍ਹਾਂ ਦੀ ਹਿਯਾਤ ਸਾਡੀ ਹੈ !!

ਕਿਉਂ ਹੁੰਗਾਰਾ ਕੋਈ ਨਹੀਂ ਭਰਦਾ?
ਅੱਧ-ਵਿਚਾਲੇ ਹੀ ਬਾਤ ਸਾਡੀ ਹੈ!

ਮੋਹਰਿਆਂ 'ਤੇ ਉਜ਼ਰ ਨਹੀਂ ਸਾਨੂੰ;
ਜਦ ਕਿ ਬਾਜ਼ੀ ਹੀ ਮਾਤ ਸਾਡੀ ਹੈ।

ਕੋਸ਼ਿਸ਼ਾਂ 'ਚੋਂ ਹੀ ਜਿੱਤ ਨਿਕਲੇਗੀ;
ਕਹਿ ਨਾ ਮਾੜੀ ਬਰਾਤ ਸਾਡੀ ਹੈ।

ਫੇਰ ਕਾਹਤੋਂ ਨਹੀਂ ਗਲ਼ੇ ਮਿਲਦੇ!
ਯਾਰ ਜੇ ਇੱਕ ਹੀ ਜ਼ਾਤ ਸਾਡੀ ਹੈ!!

ਲੁਤਫ਼ ਇਸਦਾ ਉਠਾ ਲਵੋ ਰਲ਼ ਕੇ;
ਇਹ ਜੋ ਜੀਵਨ ਸੁਗਾਤ ਸਾਡੀ ਹੈ।

✪

## ਖ਼ੁਦਾ ਦਾ ਅਕਸ

ਜਦੋਂ ਤੱਕ ਈਰਖਾ ਵਿਚ ਮੁਬਤਲਾ ਹੈ ਆਦਮੀ,
ਉਦੋਂ ਤੱਕ ਕਹਿ ਨਹੀਂ ਸਕਦੇ, ਭਲਾ ਹੈ ਆਦਮੀ।

ਅਗਰ ਟੁੱਟੇ ਦਿਲਾਂ ਨੂੰ ਦੇ ਸਕੇ ਨਾ ਹੌਸਲਾ,
ਕਹੋ ਏਦਾਂ ਜਿਵੇਂ ਧੱਕੜ ਬਲਾ ਹੈ ਆਦਮੀ।

ਖ਼ੁਦਾ ਦਾ ਅਕਸ ਕਿਧਰੇ ਗੁੰਮ ਹੋਇਆ ਓਸ 'ਚੋਂ;
ਕਹੋ ਭਾਵੇਂ ਖ਼ੁਦਾ ਦੀ ਹੀ ਕਲਾ ਹੈ ਆਦਮੀ।

ਸਿਫ਼ਤ ਉਸਦੀ ਕਰੋ ਨਾ ਜੋ ਖ਼ੁਦੀ ਪਾਲ਼ੇ ਸਦਾ;
ਬੁਰਾ ਹੈ, ਇਸ ਕਦਰ ਜੋ ਦਿਲ-ਜਲਾ ਹੈ ਆਦਮੀ।

ਅਸੁਰ ਦੀ ਸੋਚ ਰੱਖਦਾ ਹੈ, ਕੁਕਰਮੀ ਹੋ ਗਿਆ;
ਖ਼ੁਦਾ ਤੋਂ ਬੇਖ਼ਬਰ ਇਹ ਮਨਚਲਾ ਹੈ ਆਦਮੀ।

ਗਲ਼ਾ ਮਮਤਾ ਦਾ ਘੁੱਟਦਾ ਹੈ, ਸੁਆਰਥ ਪਾਲ਼ਦੈ;
ਹਕੀਕਤ ਵਿਚ ਨਿਰਾ ਇਕ ਬੁਲਬੁਲਾ ਹੈ ਆਦਮੀ।

ਕਿਸੇ ਭੜਕਣ ਨੇ ਉਸਦੇ ਪੈਰ ਚੱਕਰ ਪਾ ਲਿਆ;
ਬੜਾ ਨਟਖਟ, ਬੜਾ ਹੀ ਚੁਲਬੁਲਾ ਹੈ ਆਦਮੀ।

✪

## ਮੁਹੱਬਤ ਭਰੀ ਜ਼ਿੰਦਗੀ

ਮੁਹੱਬਤ ਭਰੀ ਜ਼ਿੰਦਗੀ ਲੋੜਦੇ ਹਾਂ,
ਮਗਰ ਖ਼ੁਦ ਅਸੀਂ ਭਾਜੀਆਂ ਮੋੜਦੇ ਹਾਂ।

ਸਵਾਂਤੀ ਜੋ ਬੂੰਦਾਂ ਨੇ ਮਿਲੀਆਂ ਅਸਾਂ ਨੂੰ,
ਸਧਾਰਨ ਉਹ ਪਾਣੀ ਤਰ੍ਹਾਂ ਰੋੜ੍ਹਦੇ ਹਾਂ।

ਉਹ ਕਾਰੇ ਅਸੀਂ ਕਰ ਰਹੇ ਹਾਂ, ਜਿਨ੍ਹਾਂ ਤੋਂ
ਅਸੀਂ ਦੂਜਿਆਂ ਨੂੰ ਸਦਾ ਹੋੜਦੇ ਹਾਂ।

ਮੁਹੱਬਤ ਭਰੋਸਾ ਹੀ ਲੋੜੇ, ਅਸੀਂ ਪਰ
ਕਦੇ ਦਿਲ, ਬਚਨ ਵੀ ਕਦੇ ਤੋੜਦੇ ਹਾਂ।

ਅਸਾਡੇ ਦਿਲਾਂ ਵਿਚ ਬੁਰਾਈ ਵਸੀ ਹੈ;
ਸਫ਼ੀਨਾਂ ਕਿਸੇ ਦੀ ਅਸੀਂ ਬੋੜਦੇ ਹਾਂ।

ਸੁਗੰਧੀ 'ਤੇ ਕਬਜ਼ਾ ਨਹੀਂ ਕਰ ਸਕਾਂਗੇ,
ਕਲੀ ਦੀ ਕਲਾਈ ਜੋ ਮਚਕੋੜਦੇ ਹਾਂ।

ਹਯਾਤੀ 'ਚ ਦੁੱਖ-ਸੁੱਖ ਅਸੀਂ ਭੋਗਣੇ ਹਨ;
ਕਿਨ੍ਹਾਂ ਵਾਸਤੇ ਕੁਛ ਅਸੀਂ ਜੋੜਦੇ ਹਾਂ!

✪

## ਸਜਾਵਟ ਕਰ ਨਹੀਂ ਸਕਦੇ

ਅਗਰ ਸਭ ਕੁਛ ਪਤਾ ਹੁੰਦੇ, ਬੁਰਾਈ ਫੜ ਨਹੀਂ ਸਕਦੇ,
ਤੁਸੀਂ ਫਿਰ ਨਕਸ਼ ਜੀਵਨ ਦੇ ਕਦੀ ਵੀ ਘੜ ਨਹੀਂ ਸਕਦੇ।

ਮਨਾਂ ਅੰਦਰ ਸੁਹੱਪਣ ਜੇ ਨਹੀਂ ਵਸਦਾ, ਤਾਂ ਫਿਰ ਆਪਾਂ
ਸਜਾਵਟ ਕਰ ਨਹੀਂ ਸਕਦੇ, ਨਗੀਨੇ ਜੜ ਨਹੀ ਸਕਦੇ।

ਉਦਾਸੀ ਤਾਂ ਝਲਕ ਪੈਂਦੀ ਸਦਾ ਹੀ ਚਿਹਰਿਆਂ ਉੱਤੇ;
ਬੜਾ ਦੁੱਖ ਹੈ, ਤੁਸੀਂ ਚਿਹਰੇ ਕਦਾਚਿੱਤ ਪੜ੍ਹ ਨਹੀਂ ਸਕਦੇ!

ਨਾ ਚੜ੍ਹਦੇ ਦੀ, ਨਾ ਲਹਿੰਦੇ ਦੀ ਖ਼ਬਰ ਸਾਨੂੰ, ਇਵੇਂ ਆਪਾਂ,
ਕੋਈ ਪੌਂਡਾ ਤਰੱਕੀ ਦਾ ਕਦੇ ਵੀ ਚੜ੍ਹ ਨਹੀਂ ਸਕਦੇ।

ਲੁਕਾਈ ਵਿਚ ਬਿਨਾ ਵਿਚਰੇ ਦਿਲਾਂ ਨੂੰ ਜਾਣਨਾ ਔਖਾ;
ਤੁਸੀਂ ਤਾਂ ਫ਼ਾਸਲਾ ਚਾਹੁੰਦੇ, ਦਿਲਾਂ ਵਿਚ ਵੜ ਨਹੀਂ ਸਕਦੇ।

ਲੜਾਈ ਸੱਚ ਦੀ ਲੜਦੇ, ਅਜੇਹੇ ਮਰਦ ਵਿਰਲੇ ਨੇ;
ਜਿਨ੍ਹਾਂ ਵਿਚ ਘਾਟ ਸਾਹਸ ਦੀ, ਲੜਾਈ ਲੜ ਨਹੀਂ ਸਕਦੇ।

ਬੁਰਾਈ ਮਾਰਦੀ ਬੁੱਭਾਂ, ਜ਼ਮਾਨਾ ਸਹਿਮਿਆਂ ਲਗਦਾ;
ਅਸਾਡੀ ਹੋਂਦ ਮਿਟ ਜਾਣੀ, ਜੇ ਮੋਹਰੇ ਖੜ੍ਹ ਨਹੀਂ ਸਕਦੇ।

✪

## ਜੀਭ ਸਾਡੀ 'ਤੇ

ਜੇ ਮਿਲੀ ਨੇਕ ਰਹਿਬਰੀ ਹੁੰਦੀ,
ਜ਼ਿੰਦਗੀ ਫਿਰ ਹਰੀ ਭਰੀ ਹੁੰਦੀ।

ਦੂਜਿਆਂ ਦੀ ਖ਼ੁਸ਼ੀ ਲਈ ਲੜਦੇ,
ਪੀੜ ਜੇਕਰ ਤੁਸੀਂ ਜਰੀ ਹੁੰਦੀ।

ਆਦਮੀ ਨੂੰ ਨਿਆਂ ਅਗਰ ਮਿਲਦਾ,
ਜ਼ਿੰਦਗੀ ਫ਼ਿਕਰ ਤੋਂ ਬਰੀ ਹੁੰਦੀ।

ਜ਼ਿੰਦਗੀ 'ਤੇ ਨਿਖਾਰ ਸੀ ਆਉਣਾ,
ਭੁੱਖ ਰਹਿਬਰ ਦੀ ਜੇ ਮਰੀ ਹੁੰਦੀ।

ਨੇੜ ਸਾਡੇ ਦਿਲਾਂ 'ਚ ਹੁੰਦਾ, ਤਾਂ
ਜ਼ਿੰਦਗੀ ਖ਼ੂਬਰੂ ਪਰੀ ਹੁੰਦੀ।

ਮੌਤ ਘੁੰਮਦੀ ਗਲ਼ੀ-ਗਲ਼ੀ ਅੱਜ-ਕੱਲ੍ਹ!
ਜ਼ਿੰਦਗੀ ਤਾਂ ਡਰੀ ਡਰੀ ਹੁੰਦੀ!!

ਜੀਭ ਸਾਡੀ 'ਤੇ ਝੂਠ ਦਿਨ ਵੇਲੇ;
ਮੂੰਹ-ਹਨ੍ਹੇਰੇ ਹਰੀ ਹਰੀ ਹੁੰਦੀ!

✪

# ਔਂਕੜਾਂ ਟਲ਼ ਜਾਂਦੀਆਂ

ਔਂਕੜਾਂ ਟਲ਼ ਜਾਂਦੀਆਂ, ਜੇ ਟਾਲ਼ਦੇ।
ਆਦਮੀ ਹੁਣ ਫਸ ਗਿਆ ਵਿਚ ਜਾਲ ਦੇ।

ਕਿਉਂ ਜਵਾਨੀ ਰਾਹ ਨਸ਼ੇ ਦੇ ਪੈ ਗਈ?
ਕਾਸ਼! ਗੱਭਰੂ ਵੈਰੀ ਹੁੰਦੇ ਕਾਲ ਦੇ।

ਹਾਲ ਦਾ ਕੁਛ ਰੰਗ ਹੁੰਦਾ ਹੋਰ ਹੀ,
ਬਚਪਨੇ ਨੂੰ ਸੱਚ ਵੱਲ ਜੇ ਢਾਲਦੇ।

ਮਾਂ ਪਿਓ ਤੜਫਣ ਘਰਾਂ ਵਿਚ, ਫਿਰ ਤੁਸੀਂ,
ਤੀਰਥਾਂ ਤੋਂ ਕੀ ਭਲਾ ਹੋ ਭਾਲਦੇ!

ਇਸਤਰੀ ’ਤੇ ਹੱਥ ਚੁੱਕਣ ਵਾਲਿਓ,
ਸਦਕੜੇ ਜਾਵਾਂ ਤੁਹਾਡੇ ਖ਼ਿਆਲ ਦੇ!

ਮੁਸ਼ਕਿਲਾਂ ਵਿਚ ਆਦਮੀ ਘਿਰਿਆ ਜਦੋਂ,
ਮੂੰਹ ਭੁਆਉਂਦੇ ਦੇਖਦਾਂ ਸਭ ਨਾਲ ਦੇ।

ਚਾਲਬਾਜ਼ਾਂ ਦੀ ਹੀ ਜੈ ਜੈ ਕਾਰ ਹੈ;
ਸਭ ਸਫ਼ਲ ਹਨ, ਉਹ ਸਹਾਰੇ ਚਾਲ ਦੇ।

ਗੰਦਗੀ ਨੇ ਜ਼ਿੰਦਗੀ ਨੂੰ ਰੋਲ਼ਿਆ;
ਭਲਕ ਵਿਚ ਵਸਦੇ ਬਾਸ਼ਿੰਦੇ ਹਾਲ ਦੇ।

ਹਰ ਦਿਸ਼ਾ ਵਿਚ ਕਾਵਾਂ ਰੌਲ਼ੀ ਵਧ ਗਈ;
ਪੈਰ ਜੰਮਦੇ ਹੀ ਨਹੀਂ ਸੁਰ, ਤਾਲ ਦੇ!

✪

## ਪਿਆਰ-ਮੁਹਾਰਨੀਆਂ

ਸੋਚਾਂ ਦੇ ਵਿਚ ਡੁੱਬੇ ਨੇ ਕੀ ਛਾਲਾਂ ਮਾਰਨੀਆਂ!
ਸੋਚ ਪਿਛਾਖੜ ਵਾਲੇ ਨੇ ਕੀ ਕੁੱਲਾਂ ਤਾਰਨੀਆਂ!!

ਲੋਕੀ ਭੁੱਲੇ ਸਾਥ ਨਿਭਾਉਣਾ, ਦਰਦ ਵੰਡਾਉਣਾ ਤੇ
ਠੰਡ ਕਾਲ਼ਜੀਂ ਪਾਉਣੀ, ਤਪਦੀਆਂ ਹਿੱਕਾਂ ਠਾਰਨੀਆਂ।

ਪੈਸਾ ਹੱਥੋਂ ਨਿਕਲੇ ਤਾਂ ਫਿਰ ਹਉਕੇ ਭਰਦੇ ਨੇ!
ਮੱਖੀ-ਚੂਸਾਂ ਕੀ ਕਿਸੇ ਦੀਆਂ ਗਰਜ਼ਾਂ ਸਾਰਨੀਆਂ!!

ਮਜ਼ਲੂਮਾਂ ਨੂੰ ਤੜਫਾ ਕੇ ਆਪਾਂ ਕੀ ਲੈਣਾ ਹੈ;
ਕਾਹਤੋਂ ਭੁੱਲੇ ਫਿਰਦੇ ਹਾਂ ਰੂਹਾਂ ਪੁਚਕਾਰਨੀਆਂ?

ਖੁਸ਼ਬੋਆਂ ਕਾਰਨ ਮਹਿਕੇ ਚਾਰ-ਚੁਫੇਰਾ ਸਾਡਾ;
ਕਾਸ਼! ਕਿ ਵਹਿਸ਼ੀ ਹਟ ਜਾਵਣ ਖੁਸ਼ਬੋਆਂ ਚਾਰਨੀਆਂ।

ਲੱਖ ਲਾਹਨਤਾਂ ਸਾਨੂੰ ਜੇਕਰ ਆਪਾਂ ਨਈਂ ਸਿਖਦੇ;
ਮਹਿਲਾਵਾਂ ਸਤਿਕਾਰਨੀਆਂ ਤੇ ਕੰਜਕਾਂ ਪਿਆਰਨੀਆਂ।

ਏਥੇ ਇੱਟ ਚੁਕਦੇ ਨੂੰ ਪੱਥਰ ਚੁੱਕਣਾ ਪੈਂਦਾ ਹੈ;
ਉਸ ਦੇ ਅੱਗੇ ਕਾਹਤੋਂ ਪੜ੍ਹੀਏ ਪਿਆਰ-ਮੁਹਾਰਨੀਆਂ?

✪

## ਜ਼ਿਆਰਤ ਹੋ ਗਈ ਸਮਝਾਂ

ਸੱਜਣ ਜਦ ਯਾਦ ਆਉਂਦਾ ਹੈ, ਜ਼ਿਆਰਤ ਹੋ ਗਈ ਸਮਝਾਂ,
ਮੁਹੱਬਤ ਵਿਚ ਲਿਖੀ ਰਲ਼ ਕੇ, ਇਬਾਰਤ ਹੋ ਗਈ ਸਮਝਾਂ।

ਉਹ ਸੋਚਾਂ ਵਿਚ ਨਜ਼ਰ ਆਵੇ ਜਦੋਂ ਅਠਖੇਲੀਆਂ ਕਰਦਾ,
ਨਜ਼ਾਰੇ ਹੀ ਨਜ਼ਾਰੇ ਵਿਚ, ਸ਼ਰਾਰਤ ਹੋ ਗਈ ਸਮਝਾਂ।

ਜਦੋਂ ਆਪੇ 'ਚ ਲਹਿ ਜਾਵਾਂ, ਕੋਈ ਜਲਵਾ ਨਜ਼ਰ ਆਉਂਦੈ;
ਸਧਾਰਨ ਯਾਰ ਦੀ ਕੁੱਲੀ, ਇਮਾਰਤ ਹੋ ਗਈ ਸਮਝਾਂ।

ਮੁਹੱਬਤ ਨੂੰ ਭੁਲਾ ਕੇ ਜਦ ਸੁਹੱਪਣ ਦੂਰੀਆਂ ਰੱਖੇ,
ਉਦੋਂ ਫਿਰ ਮੈਂ ਕਿਸੇ ਦਿਲ ਦੀ ਤਿਜਾਰਤ ਹੋ ਗਈ ਸਮਝਾਂ।

ਮੁਹੱਬਤ ਵਿਚ ਲੁਟਾ ਬੈਠੇ ਕੋਈ ਜਦ ਆਪਣਾ ਸਭ ਕੁਛ,
ਉਦੋਂ ਉਸਦੀ ਹਯਾਤੀ ਜਿਉਂ ਬੁਝਾਰਤ ਹੋ ਗਈ ਸਮਝਾਂ।

ਜਦੋਂ ਹਉਕੇ ਲਵੇ, ਆਹਾਂ ਭਰੇ, ਹੰਝੂ ਕੋਈ ਕੇਰੇ,
ਉਦ੍ਹੇ ਤਨ ਮਨ ਅਨੋਖੀ ਮੈਂ ਹਰਾਰਤ ਹੋ ਗਈ ਸਮਝਾਂ।

ਮੁਹੱਬਤ, ਹੌਸਲਾ, ਨੇਕੀ, ਨਿਸ਼ਾ ਜਿਸ ਕੋਲ ਹੁੰਦੇ ਨੇ,
ਉਨ੍ਹੰ ਮੈਂ ਜੀਣ ਦੀ ਪੁਖ਼ਤਾ ਮੁਹਾਰਤ ਹੋ ਗਈ ਸਮਝਾਂ।

✪

## ਜ਼ਿੰਦਗੀ ਉਪਰਾਮ ਹੈ

ਜ਼ਿੰਦਗੀ ਉਪਰਾਮ ਹੈ।
ਆਦਮੀ ਬਦਨਾਮ ਹੈ।

ਸ਼ਾਂਤ ਕੁਛ ਵੀ ਤਾਂ ਨਹੀਂ;
ਹਰ ਤਰਫ਼ ਕੁਹਰਾਮ ਹੈ!

ਖ਼ੁਦ ਗੁਆਚੇ ਹਾਂ ਅਸੀਂ;
ਵਕਤ ਸਿਰ ਇਲਜ਼ਾਮ ਹੈ।

ਜੋ ਤਰੱਕੀ ਦਿਸ ਰਹੀ,
ਮੌਤ ਦਾ ਪੈਗ਼ਾਮ ਹੈ।

ਧੁਰ ਕਿਵੇਂ ਉਹ ਲਾਊਗਾ!
ਜੋ ਕਦਮ ਵਿਸ਼ਰਾਮ ਹੈ!!

ਨਾ ਕੋਈ ਜਾਦੂਗਰੀ,
ਨ ਕੋਈ ਇਲਹਾਮ ਹੈ।

ਦੌਲਤਾਂ ਕੁਛ ਵੀ ਨਹੀਂ;
ਭੁੱਖ ਹੈ ਜਾਂ ਤਾਮ ਹੈ।

ਉਲਝਣਾਂ ਵਿਚ ਪੈ ਗਈ,
ਸੋਚ ਨੂੰ ਸਰਸਾਮ ਹੈ।

ਝੂਠ ਸਾਨੂੰ ਘੂਰਦਾ!
ਸੱਚ ਕਿਉਂ ਗੁੰਮਨਾਮ ਹੈ!!

ਝੂਠ ਆਖ਼ਿਰ ਝੂਠ ਹੈ;
ਸੱਚ ਦਾ ਹੀ ਦਾਮ ਹੈ।

ਝੂਠ ਨੂੰ ਦੁਰਕਾਰ ਹੈ!
ਸੱਚ ਨੂੰ ਪਰਨਾਮ ਹੈ!!

✪

## ਸੁਹੱਪਣ ਦੀ ਨਦੀ

ਤੁਰੇ ਜਾਵੋ, ਤੁਰੇ ਜਾਣਾ ਹੀ ਹੁੰਦੈ ਜ਼ਿੰਦਗੀ ਵਰਗਾ।
ਕੋਈ ਮੰਜ਼ਰ ਬਣੂ ਵਗਦੀ ਸੁਹੱਪਣ ਦੀ ਨਦੀ ਵਰਗਾ।

ਮੁਹੱਬਤ ਦੀ ਨਦੀ ਬਣਦੀ, ਦਿਲਾਂ ਨੂੰ ਜੋੜਦੀ ਜਿਹੜੀ,
ਅਗਰ ਬੋਲਾਂ 'ਚੋਂ ਵਹਿੰਦਾ ਹੈ ਸਦਾ ਕੁਛ ਚਾਸ਼ਨੀ ਵਰਗਾ।

ਦਿਲਾਂ ਨੂੰ ਜਾਣਨਾ ਔਖਾ, ਮੁਹੱਬਤ ਹੋ ਨਹੀਂ ਸਕਦੀ,
ਮਨਾਂ 'ਤੇ ਰਾਜ ਕਰਦਾ ਹੈ ਅਗਰ ਕੁਛ ਮਾਂਦਗੀ ਵਰਗਾ।

ਸਚਾਈ ਹੈ; ਹਨ੍ਹੇਰੇ ਦੀ ਕੋਈ ਵੀ ਹੋਂਦ ਨਾ ਰਹਿਣੀ,
ਵਸਾ ਲੈਣਾ ਜਦੋਂ ਆਪਾਂ ਦਿਲੀਂ ਕੁਛ ਰੌਸ਼ਨੀ ਵਰਗਾ।

ਉਦ੍ਹੀ ਤਸਵੀਰ ਸ਼ਬਦਾਂ ਵਿਚ ਉਤਾਰਾਂ ਕਿਸ ਤਰ੍ਹਾਂ ਦੱਸੋ ?
ਦਿਲੋਂ ਜ਼ਾਲਮ ਲੁਟੇਰਾ ਹੈ, ਦਿਸੇ ਪਰ ਆਦਮੀ ਵਰਗਾ !

ਪੁਲਾੜੀਂ ਪਹੁੰਚ ਪਾਈ ਹੈ, ਬੜਾ ਹੈ ਮਾਣ ਕਾਢਾਂ 'ਤੇ !
ਵਤੀਰਾ ਆਦਮੀ ਦਾ ਹੈ ਨਿਰਾ ਪਰ ਖ਼ੁਦਕੁਸ਼ੀ ਵਰਗਾ।

ਵਧੇ ਜੇ ਐਟਮੀ ਸ਼ਕਤੀ, ਵਧੇਗਾ ਡਰ, ਜ਼ਰੂਰੀ ਹੈ,
ਨਹੀਂ ਮਿਲਣਾ ਮਨੁੱਖਤਾ ਨੂੰ ਕਦੇ ਕੁਛ ਵੀ ਖ਼ੁਸ਼ੀ ਵਰਗਾ।

✪

## ਮਖ਼ਲੂਕ ਮਰਦੀ ਹੈ

ਖ਼ੂਨ ਡੁੱਲ੍ਹੇ ਹਰ ਘੜੀ, ਮਖ਼ਲੂਕ ਮਰਦੀ ਹੈ।
ਪੈਰ ਜਿਸਨੇ ਹਨ ਪਸਾਰੇ, ਨੇਰ੍ਹ-ਗਰਦੀ ਹੈ।

ਹਰ ਲੁਟੇਰੇ ਦੀ ਪਹੁੰਚ ਹੈ ਹਾਕਮਾਂ ਤਾਈਂ;
ਸੋਚਦੇ ਲੋਕੀ ਕਿ ਸਾਡਾ ਕੌਣ ਦਰਦੀ ਹੈ!

ਲੋਕ-ਦੋਖੀ ਸੋਚ ਰਾਖੇ ਦੀ ਜਦੋਂ ਹੁੰਦੀ,
ਜ਼ਿੰਦਗੀ ਵਿਚ ਫਿਰ ਤਬਾਹੀ ਪੈਰ ਧਰਦੀ ਹੈ।

ਅੱਜ ਗ਼ਰੀਬੀ ਖ਼ੂਨ ਦੇ ਹੰਝੂ ਪਈ ਕੇਰੇ;
ਜ਼ਿੰਦਗੀ ਹੁਣ ਗ਼ਮ 'ਚ ਆਹਾਂ ਰੋਜ਼ ਭਰਦੀ ਹੈ।

ਜ਼ਿੰਦਗੀ ਵਿਚ ਮੁੱਲ ਨਹੀਂ ਪੈਂਦਾ ਹਲੀਮੀ ਦਾ;
ਉਹ ਵਿਚਾਰੀ ਡਾਢਿਆਂ ਦਾ ਰੋਹਬ ਜਰਦੀ ਹੈ।

ਚਿਹਰਿਆਂ ਤੋਂ ਲਾ-ਪਤਾ ਹੈ ਕੁਛ ਖ਼ੁਸ਼ੀ ਵਰਗਾ;
ਨਾ ਹੀ ਹਾਸੇ, ਨਾ ਕੋਈ ਮੁਸਕਾਨ ਝਰਦੀ ਹੈ।

ਜ਼ਿੰਦਗੀ ਮਾਯੂਸ ਹੋ ਕੇ ਡੁੱਬ ਮਰੀ ਲਗਦੀ!
ਵਕਤ ਦੇ ਪਾਣੀ 'ਤੇ ਉਸਦੀ ਲਾਸ਼ ਤਰਦੀ ਹੈ।

✪

## ਬਸਤਾ-ਬੋਅ

ਬਸਤਾ-ਬੋਅ ਵਿਚ ਨਾਂ ਜਿਸਦਾ ਹੈ, ਉਹ ਵੀ ਲੋਕਾਂ ਜਾਇਆ ਹੈ;
ਹਾਕਮ ਦੱਸੇ ਕਿਸ ਗੱਲ ਨੇ ਇਸ ਰਸਤੇ ਉਸਨੂੰ ਪਾਇਆ ਹੈ!

ਉਸਦੇ ਦਿਲ ਦੇ ਜ਼ਖ਼ਮਾਂ ਨੂੰ ਜਾਨਣ ਦੀ ਨਾ ਸੋਚੇ ਕੋਈ;
ਰਹਿਬਰ ਨੂੰ ਹੈ ਭਰਮ ਪਿਆ, ਮਨ-ਮੰਦਰ ਉਸਨੇ ਢਾਹਿਆ ਹੈ।

ਦੋਹੀਂ ਹੱਥੀਂ ਲੁੱਟਣ ਹਾਕਮ, ਅੰਨ੍ਹੇ ਸਮਝਣ ਲੋਕਾਂ ਨੂੰ;
ਇੱਜ਼ਤ ਭਾਵੇਂ ਦਾਅ 'ਤੇ ਲੱਗੇ, ਟੀਚਾ ਇਕ ਸਰਮਾਇਆ ਹੈ।

ਕੁਰਸੀ ਉੱਤੇ ਕਾਬਜ਼ ਲੋਕੀ ਕਦੇ ਸਵੈ-ਮੰਥਨ ਨਾ ਕਰਦੇ;
ਦੱਸੋ ਅਪਣੀ ਕਿਹੜੀ ਗ਼ਲਤੀ ਨੂੰ ਉਹਨਾਂ ਅਪਣਾਇਆ ਹੈ।

ਨੇਤਾ ਦੇ ਮਨ ਦੀ ਉਲਝਣ, ਲੋਕਾਂ ਨੂੰ ਉਲਝਾਈ ਰੱਖਦੀ;
ਖ਼ੁਸ਼ੀਆਂ ਵੰਡਣ ਦੀ ਥਾਂ ਉਸਨੇ ਲੋਕਾਂ ਨੂੰ ਤੜਫਾਇਆ ਹੈ।

ਯੁਵਕਾਂ ਨੂੰ ਹਰ ਥਾਂ ਧੱਕੇ ਪੈਂਦੇ, ਬਚਪਨ ਢੇਰੀਂ ਰੁਲ਼ਦਾ;
ਨੀਤੀ ਘਾੜੇ ਮਾਹਿਰ ਨੇ ਤਾਂ ਐਵੇਂ ਵਕਤ ਗੁਆਇਆ ਹੈ।

ਉਪਰੋਂ ਹੇਠਾਂ ਆਉਂਦਾ ਤੋਲ੍ਹਾ ਰਹਿ ਜਾਂਦਾ ਹੈ ਇਕ ਰੱਤੀ,
ਏਦਾਂ ਮਹਿਲਾਂ, ਕੁੱਲੀਆਂ ਵਿਚਲਾ ਪਾੜਾ ਅਸੀਂ ਵਧਾਇਆ ਹੈ।

✪

## ਜ਼ਹਿਰ ਵਰਗਾ ਕੁਛ ਵੀ

ਹੋਂਦ ਰੁੱਖਾਂ ਦੀ ਮਿਟਾਈ ਜਾ ਰਹੇ ਲੋਕੀ।
ਜ਼ਿੰਦਗੀ ਦੁੱਖਾਂ ’ਚ ਪਾਈ ਜਾ ਰਹੇ ਲੋਕੀ।

ਕਹਿਰ ਦੁੱਖਾਂ ਦਾ ਸਰੀਰਾਂ ’ਚੋਂ ਸਦਾ ਨਿਕਲੇ;
ਜ਼ਹਿਰ ਵਰਗਾ ਕੁਛ ਵੀ ਖਾਈ ਜਾ ਰਹੇ ਲੋਕੀ।

ਸਾਦਗੀ ਵੀ ਹੁਸਨ ਦਾ ਇਕ ਪੱਖ ਹੁੰਦਾ ਹੈ;
ਸਾਦਗੀ ਨੂੰ ਪਰ ਭੁਲਾਈ ਜਾ ਰਹੇ ਲੋਕੀ।

ਭੁੱਲ ਗਏ ਲਗਦੇ, ਸਿਰਾ ਇਸਦਾ ਨਹੀਂ ਹੁੰਦਾ,
ਲਾਲਸਾ ਹਰ ਪਲ ਵਧਾਈ ਜਾ ਰਹੇ ਲੋਕੀ।

ਚੈਨ ਮਨ ਦਾ ਜ਼ਿੰਦਗੀ ਵਿਚ ਕੀਮਤੀ ਹੁੰਦੈ;
ਪਰ ਹਵਸ ਵਿਚ ਹੀ ਲੁਟਾਈ ਜਾ ਰਹੇ ਲੋਕੀ।

ਬਿਨ ਇਕਾਗਰਤਾ ਨਿਸ਼ਾਨਾ ਤਾਂ ਨਹੀਂ ਲਗਦਾ;
ਤੀਰ ’ਵਾ ਵਿਚ ਹੀ ਚਲਾਈ ਜਾ ਰਹੇ ਲੋਕੀ।

ਧਿਰ ਨਹੀਂ ਕੋਈ ਜੋ ਹੋਵੇ ਰਹਿਬਰੀ ਕਾਬਿਲ;
ਦਾਗ਼ੀਆਂ ਨੂੰ ਵੋਟ ਪਾਈ ਜਾ ਰਹੇ ਲੋਕੀ।

✪

## ਗਿਰਝਾਂ ਹਵਾਲੇ

ਜ਼ਿੰਦਗੀ ਇੱਕ ਲਾਸ਼ ਬਣ ਗਿਰਝਾਂ ਹਵਾਲੇ ਹੋ ਗਈ!
ਖੰਭ ਲਾ ਕੇ ਉੱਡ ਗਈ, ਸੋਚਾਂ ਕਿਧਰ ਖ਼ੁਸ਼ਬੋ ਗਈ!!

ਹਰ ਜਗ੍ਹਾ ਕੁਹਰਾਮ ਹੈ ਮਚਿਆ, ਕੋਈ ਮਹਿਫ਼ੂਜ਼ ਨਾ;
ਜਾਪਦੈ ਜਿਉਂ ਧਰਤ ਉੱਤੇ ਆ ਕੋਈ ਪਰਲੋ ਗਈ!

ਸਭ ਮਨੁੱਖੀ ਕੀਮਤਾਂ ਦੇ ਰੰਗ ਫਿੱਕੇ ਪੈ ਗਏ;
ਕੁਲ ਮਿਲਾ ਕੇ ਸਾਰਿਆਂ ਨੂੰ ਬੇਈਮਾਨੀ ਧੋ ਗਈ।

ਸੰਨ-ਚੁਰਾਸੀ ਨੂੰ ਭੁਲਾਇਆਂ ਭੁੱਲ ਨਹੀਂ ਸਕਦੇ ਅਸੀਂ;
ਪੀੜ ਸਾਡੀ ਹਉਕਿਆਂ ਨੂੰ ਗ਼ਮ 'ਚ ਏਦਾਂ ਗੋ ਗਈ।

ਮੌਤ ਅਣਆਈ ਅਨੇਕਾਂ ਮਰ ਗਏ, ਹੋਇਆ ਗ਼ਜ਼ਬ,
ਘਰ 'ਚ ਅਪਣੇ ਚੀਖ ਸਾਡੀ ਸ਼ੋਰ ਵਿਚ ਹੀ ਖੋ ਗਈ।

ਸ਼ੇਰ ਮਾਰਨ ਵਾਸਤੇ ਸਾਰੇ ਇਕੱਠੇ ਹੋ ਗਏ;
ਗਿੱਦੜਾਂ ਤੋਂ ਗਿੱਦੜਾਂ ਤੱਕ ਫੈਲਦੀ ਕਨਸੋਅ ਗਈ।

ਢੂੰਡ ਹਾਰੇ, ਲੋਕ ਸਾਰੇ, ਪਰ ਨਹੀਂ ਮਿਲਦੀ ਕਿਤੇ,
ਉਹ ਖ਼ੁਸ਼ੀ, ਭਰਮਾ ਕੇ ਸਭ ਨੂੰ, ਜ਼ਿੰਦਗੀ 'ਚੋਂ ਜੋ ਗਈ।

✪

## ਵਤਨ ਦੀ ਆਬਰੂ ਵਰਗਾ

ਦੁਨੀ ਵਿਚ ਕੁਛ ਨਹੀਂ ਹੁੰਦਾ ਵਤਨ ਦੀ ਆਬਰੂ ਵਰਗਾ,
ਜਿਵੇਂ ਮਿਲਦਾ ਨਹੀਂ ਸਾਨੂੰ ਕੋਈ ਅਪਣੇ ਲਹੂ ਵਰਗਾ।

ਕਿਸੇ ਨੇ ਛਾਂ ਨਹੀਂ ਬਣਨਾ, ਕਿਸੇ ਨੇ ਮਾਂ ਨਹੀਂ ਬਣਨਾ;
ਕਿਸੇ ਦੂਜੇ ਨੇ ਕੀ ਹੋਣੈਂ, ਪਿਤਾ ਵਰਗਾ, ਗੁਰੂ ਵਰਗਾ।

ਉਦ੍ਹੀ ਮਸਤੀ ਅਨੋਖੀ ਹੈ, ਉਦ੍ਹਾ ਨਿੱਘ ਵੀ ਅਨੋਖਾ ਹੈ;
ਜ਼ਬਾਨੋਂ ਜਦ ਝਰੇ ਕੁਛ ਵੀ ਰਸੀਲੀ ਗ਼ੁਫਤਗੂ ਵਰਗਾ।

ਕਿਸੇ ਵੇਲੇ ਤਾਂ ਪਹੁੰਚਾਂਗੇ ਨਿਸ਼ਾਨੇ 'ਤੇ, ਭਰੋਸਾ ਹੈ;
ਮਨਾਂ ਵਿਚ ਜਾਗਦਾ ਰੱਖੀਏ ਅਗਰ ਕੁਛ ਜੁਸਤਜੂ ਵਰਗਾ।

ਹਯਾਤੀ ਵਿਚ ਮੁਹੱਬਤ 'ਤੇ ਕੋਈ ਮਾਰੂ ਅਸਰ ਕਰਦੈ;
ਜਦੋਂ ਰਿਸ਼ਤੇ 'ਚ ਉੱਗ ਪੈਂਦਾ ਕਦੇ ਕੁਛ ਵੀ ਬਰੂ ਵਰਗਾ।

ਕਲੀ ਨਾਜ਼ੁਕ ਗਈ ਝੁਲਸੀ, ਉਦ੍ਹਾ ਇਕ ਵਾਰ ਕਾਫ਼ੀ ਸੀ:
ਕੁ-ਕਰਮੀ ਦੀ ਨਜ਼ਰ ਵਿੱਚੋਂ ਸੀ ਝਰਦਾ ਸੇਕ ਲੂ ਵਰਗਾ।

ਕਿਸੇ ਰਹਿਬਰ ਕਸਾਈ ਦਾ ਇਸ਼ਾਰਾ ਸੀ ਜਲਾਦਾਂ ਨੂੰ,
ਕਿਸੇ ਦਾ ਬਾਪ ਮਰਿਆ ਤਾਂ, ਕਿਸੇ ਦਾ ਪੁੱਤ ਸਰੂ ਵਰਗਾ!

✪

## ਦਿਨ ਦਿਹਾੜੇ

ਦਿਨ ਦਿਹਾੜੇ ਲੋਕ ਲੁੱਟੇ ਜਾ ਰਹੇ।
ਚੋਰ, ਡਾਕੂ ਜ਼ਿੰਦਗੀ 'ਤੇ ਛਾ ਰਹੇ।

ਫੇਰ ਲੋਕੀ ਖ਼ੁਦਕੁਸ਼ੀ ਹੀ ਕਰਨਗੇ,
ਜ਼ੋਰ ਸਾਰਾ ਹੀ ਕੁਥਾਈਂ ਲਾ ਰਹੇ।

ਨਾ-ਸਮਝ ਨੇ ਲੋਕ, ਸਮਝਣਗੇ ਨਹੀਂ;
ਹਰ ਸਮੇਂ ਰਹਿਬਰ ਭੁਲੇਖਾ ਪਾ ਰਹੇ।

ਲੀਡਰਾਂ ਵਿਚ ਆਪਸੀ ਏਕਾ, ਮਗਰ
ਸ਼ਹਿਰੀਆਂ ਨੂੰ ਵੰਡ ਵਿਚ ਉਲਝਾ ਰਹੇ।

ਲੋਕ ਬਿੱਲੀਆਂ ਵਾਂਗ ਰਹਿੰਦੇ ਝਾਕਦੇ!
ਚੌਂਕੀਆਂ 'ਤੇ ਬੈਠ ਰਾਜੇ ਖਾ ਰਹੇ!!

ਸ਼ਰਮ ਸਾਰੀ ਵੇਚ ਖਾਧੀ ਰਹਿਬਰਾਂ!
ਫਿਕਰ ਕੀ ਹੈ, ਦੇਸ਼ ਰਹਿੰਦਾ, ਨਾ ਰਹੇ!!

ਸੱਚ 'ਤੇ ਜੋ ਤੁਰ ਰਹੇ, ਗੁੰਮਨਾਮ ਹਨ;
ਬੇ-ਜ਼ਮੀਰੇ ਲੋਕ ਨਾਂ ਚਮਕਾ ਰਹੇ!

✪

## ਸਵੈ ਮੇਰਾ ਗੁਆਚਾ ਹੈ

ਸਵੈ ਮੇਰਾ ਗੁਆਚਾ ਹੈ, ਉਸੇ ਨੂੰ ਭਾਲਦਾ ਰਹਿਨਾ
ਹਨ੍ਹੇਰੇ ਵਿਚ ਸਦਾ ਦਿਲ ਦਾ, ਮੈਂ ਦੀਵਾ ਬਾਲ਼ਦਾ ਰਹਿਨਾ।

ਸਹਾਰੇ ਕਲਪਨਾ ਦੇ ਮੈਂ, ਗਗਨ ਵਿਚ ਦੂਰ ਜਦ ਜਾਵਾਂ,
ਕਦੇ ਟੁੱਟਾਂ ਨਾ ਭੋਂ ਨਾਲੋਂ, ਸਦਾ ਮੈਂ ਹਾਲ ਦਾ ਰਹਿਨਾ।

ਕਦੇ ਵੀ ਈਰਖਾ ਮੈਨੂੰ ਲੁਭਾ ਸਕਦੀ ਨਹੀਂ ਬਿਲਕੁਲ;
ਮੈਂ ਨਫ਼ਰਤ ਨੂੰ ਸਦਾ ਨਿੰਦਾਂ, ਮੁਹੱਬਤ ਪਾਲਦਾ ਰਹਿਨਾ।

ਕਿਸੇ ਮਜ਼ਬੂਤ ਦਿਲ ਵਾਲਾ, ਕਹਾਉਂਦਾ ਹਾਂ, ਕਹਾਵਾਂਗਾ;
ਕਰਾਂ ਮਜ਼ਬੂਤ ਹੋਰਾਂ ਨੂੰ, ਜਫਰ ਮੈਂ ਜਾਲਦਾ ਰਹਿਨਾ।

ਸਦਾ ਹਮਦਰਦ ਲੋਕਾਂ ਦਾ, ਜੋ ਜਾਣੇ ਦਰਦ ਲੋਕਾਂ ਦਾ,
ਕਰੇ ਜੋ ਗੱਲ ਗ਼ਰੀਬਾਂ ਦੀ, ਉਦ੍ਹੇ ਮੈਂ ਨਾਲ ਦਾ ਰਹਿਨਾ।

ਜੋ ਹਉਮੈਂ ਵਿਚ ਸਦਾ ਰਹਿੰਦਾ, ਬਣੇ ਵੱਡਾ ਜੋ ਗੱਲਾਂ ਵਿਚ,
ਉਹ ਮੇਰਾ ਕੁਛ ਨਹੀਂ ਲਗਦਾ, ਮੈਂ ਉਸ ਨੂੰ ਟਾਲਦਾ ਰਹਿਨਾ।

ਮੈਂ ਲੋਕਾਂ ਵਾਸਤੇ ਲਿਖਦਾਂ, ਇਸੇ ਵਿਚ ਹੈ ਖ਼ੁਸ਼ੀ ਮੈਨੂੰ;
ਸਦਾ ਮੈਂ ਦੁੱਖ ਲੁਕਾਈ ਦੇ, ਗ਼ਜ਼ਲ ਵਿਚ ਢਾਲਦਾ ਰਹਿਨਾ।

✪

## ਸਾਥੀ ਇਕਾਂਤ ਮੇਰਾ

ਚੜ੍ਹਦਾ ਕਦੀ ਸਵੇਰਾ, ਉਤਰੇ ਕਦੀ ਹਨ੍ਹੇਰਾ;
ਗ਼ਮ ਨਾਲ ਕੋਈ ਰਿਸ਼ਤਾ, ਸਾਥੀ ਇਕਾਂਤ ਮੇਰਾ।

ਪੈਰਾਂ 'ਚ ਰੋੜ ਰੜਕਣ, ਰੜਕੇ ਹਨ੍ਹੇਰ ਅੱਖੀਂ;
ਤੁਰਦਾ ਹਾਂ ਮੈਂ ਨਿਰੰਤਰ, ਡੋਲੇ ਕਦੇ ਨਾ ਜੇਰਾ।

ਰਾਹਾਂ ਹਨ੍ਹੇਰਿਆਂ ਦਾ, ਮੈਨੂੰ ਨਾ ਖ਼ੌਫ਼ ਕੋਈ;
ਚਿਤਵਨ ਕੋਈ ਅਗੰਮੀ, ਰੌਸ਼ਨ ਕਰੇ ਚੁਫੇਰਾ।

ਦਿਲ ਨੂੰ ਹੁਲਾਸ ਮਿਲਦਾ, ਕੋਈ ਕਰਾਰ ਮਿਲਦਾ;
ਪਹਿਲੀ ਕਿਰਨ ਰਵੀ ਦੀ, ਚੁੰਮੇਂ ਜਦੋਂ ਬਨੇਰਾ।

ਸੰਸਾਰ ਦਾ ਕਲਾਵਾ, ਜਦ ਜੀ ਕਰੇ ਮੈਂ ਭਰ ਲਾਂ;
ਹਿਰਦਾ ਵਿਸ਼ਾਲ ਮੇਰਾ, ਸੀਮਤ ਦੁਨੀ ਦਾ ਘੇਰਾ।

ਸੱਚੇ ਦਿਲਾਂ ਦੇ ਮਾਲਕ, ਮਹਿਕਾਂ ਖਿਲਾਰਦੇ ਨੇ;
ਉਹਨਾਂ ਘਟਾਂ 'ਚ ਵਸਦਾ, ਜੀਕਣ ਕੋਈ ਫੁਲੇਰਾ।

ਉਹ ਬਣ ਗਿਆ ਸ਼ਿਕਾਰੀ, ਉਸਨੂੰ ਇਹੀ ਭੁਲੇਖਾ;
ਅੰਨ੍ਹੇ ਦੇ ਪੈਰ ਹੇਠਾਂ, ਆਇਆ ਜਦੋਂ ਬਟੇਰਾ।

✪

# ਧੀ ਕਿਸੇ ਖ਼ੁਸ਼ਬੂ ਜਿਹੀ

ਜ਼ਿੰਦਗੀ ਨੂੰ ਗੇੜ ਪੁੱਠਾ ਆ ਰਿਹਾ ਹੈ ਦੋਸਤੋ
ਆਦਮੀ ਨੂੰ ਆਦਮੀ ਹੀ ਖਾ ਰਿਹਾ ਹੈ ਦੋਸਤੋ।

ਕੁੱਖ ਨਾਰੀ ਦੀ ਉਜਾੜੇ ਆਦਮੀ ਕੀ ਸੋਚ ਕੇ ?
ਹੋਂਦ ਅਪਣੀ ਹੀ ਮਿਟਾਉਂਦਾ ਜਾ ਰਿਹਾ ਹੈ ਦੋਸਤੋ !

ਗਰਭ ਵਿਚਲੀ ਹਰ ਕੁੜੀ ਨੂੰ ਸਹਿਮ ਖਾਂਦਾ ਮੌਤ ਦਾ;
ਹਰ ਸਮੇਂ ਖੰਜਰ ਕੋਈ ਧਮਕਾ ਰਿਹਾ ਹੈ ਦੋਸਤੋ।

ਧੀ ਕਿਸੇ ਖ਼ੁਸ਼ਬੂ ਜਿਹੀ, ਭਰਪੂਰ ਜੀਣਾ ਲੋਚਦੀ;
ਆਦਮੀ ਪਰ ਰਾਹ ਸਿਵੇ ਦੇ ਪਾ ਰਿਹਾ ਹੈ ਦੋਸਤੋ।

ਨਾਰੀਆਂ ਮਜਬੂਰ ਹਨ, ਪਰ ਆਦਮੀ ਹਨ ਬੇ-ਰਹਿਮ,
ਕਿਰ ਰਿਹਾ ਹਰ ਹੰਝ ਹੀ ਕੁਰਲਾ ਰਿਹਾ ਹੈ ਦੋਸਤੋ।

ਆਦਮੀ ਹਉਮੈ 'ਚ ਡੂੰਘਾ ਲਹਿ ਗਿਆ ਏਨਾ ਕਿ ਬਸ,
ਜ਼ਿੰਦਗੀ ਦੀ ਹਰ ਅਟਾਰੀ ਢਾ ਰਿਹਾ ਹੈ ਦੋਸਤੋ।

ਅਕਲ ਅਪਣੀ 'ਤੇ ਬੜਾ ਹੀ ਮਾਣ ਕਰਦੈ ਆਦਮੀ;
ਆਤਮਾ ਅਪਣੀ ਮਗਰ ਝੁਠਲਾ ਰਿਹਾ ਹੈ ਦੋਸਤੋ।

✪

# ਮਿੱਟੀ 'ਚ ਨਾ ਰੋਲ਼ੋ

ਤੁਸੀਂ ਮਿੱਟੀ 'ਚ ਨਾ ਰੋਲ਼ੋ, ਕਰੋ ਸਤਿਕਾਰ ਲੋਕਾਂ ਦਾ;
ਮਿਲੀ ਹੈ ਰਹਿਬਰੀ ਜੇਕਰ, ਤਾਂ ਜਿੱਤੋ ਪਿਆਰ ਲੋਕਾਂ ਦਾ।

ਤੁਸਾਂ ਨੂੰ ਦਿਸ ਰਿਹਾ ਘੇਰਾ, ਸਦਾ ਦੋ ਚਾਰ ਲੋਕਾਂ ਦਾ;
ਨਹੀਂ ਦਿਸਦਾ, ਕਿਵੇਂ ਰੁਲ਼ਦਾ, ਕੋਈ ਪਰਵਾਰ ਲੋਕਾਂ ਦਾ।

ਜਦੋਂ ਵੀ ਸ਼ੀਰਨੀ ਵੰਡੋਂ, ਤਾਂ ਵੰਡੋਂ ਘਰ ਦਿਆਂ ਨੂੰ ਹੀ;
ਭੁਲਾ ਦਿੱਤਾ ਤੁਸਾਂ 'ਤੇ ਹੈ, ਕੋਈ ਉਪਕਾਰ ਲੋਕਾਂ ਦਾ।

ਪਵੇ ਜਦ ਲੋੜ ਰਹਿਬਰ ਨੂੰ, ਉਦੋਂ ਹੀ ਨੇੜ ਕਰਦਾ ਹੈ;
ਵਿਖਾਵੇ ਵਾਸਤੇ ਕਰਕੇ, ਕੋਈ ਉਪਚਾਰ ਲੋਕਾਂ ਦਾ।

ਗ਼ਰੀਬੀ ਦੇ ਸਤਾਇਆਂ ਨੂੰ, ਸਦਾ ਮਿਲਦੀ ਨਮੋਸ਼ੀ ਹੀ;
ਕਿਤੇ ਵੀ ਰਾਜ ਹੁੰਦਾ ਹੈ, ਜਦੋਂ ਬਦਕਾਰ ਲੋਕਾਂ ਦਾ।

ਹਮਾਤੜ ਲੋਕ ਰੁਲ਼ਦੇ ਨੇ, ਨਹੀਂ ਇਨਸਾਫ਼ ਮਿਲਦਾ ਹੈ;
ਕਿ ਲਗਦੈ ਕਹਿਣ ਨੂੰ ਭਾਵੇਂ, ਕੋਈ ਦਰਬਾਰ ਲੋਕਾਂ ਦਾ।

ਨਿਸ਼ਾਨੀ ਹੋਰ ਕੀ ਹੁੰਦੀ, ਕੁਸ਼ਾਸ਼ਨ ਦੀ, ਮੇਰੇ ਲੋਕੋ!
ਇਹੀ ਹੁੰਦੀ, ਨਹੀਂ ਹੁੰਦਾ, ਕੋਈ ਗ਼ਮਖ਼ਾਰ ਲੋਕਾਂ ਦਾ!!

ਸਿਆਸਤ ਹੀ ਲੁਟੇਰੀ ਹੈ, ਇਹੀ ਕੌੜੀ ਹਕੀਕਤ ਨਾ;
ਨਹੀਂ ਬਣਿਆਂ ਅਜੇ ਤਾਈਂ, ਕੋਈ ਕਿਰਦਾਰ ਲੋਕਾਂ ਦਾ!

ਅਸਾਡੀ ਸੋਚ ਹੀਣੀ ਹੈ, ਜਦੋਂ ਤੱਕ ਡਾਢਿਆਂ ਅੱਗੇ,
ਨਹੀਂ ਵਸਣਾ, ਨਹੀਂ ਵਸਣਾ, ਕੋਈ ਸੰਸਾਰ ਲੋਕਾਂ ਦਾ!

✪

## ਹਵਾ ਚੁੱਕੀ ਫਿਰੇ

ਨਾ ਪਾਓ ਜ਼ਿੰਦਗੀ ਨੂੰ ਤੌਖ਼ਲੇ ਵਿਚ।
ਸਦਾ ਰੱਖੋ ਇਰਾਦਾ ਹੌਸਲੇ ਵਿਚ।

ਮੁਹੱਬਤ ਹੈ ਉਪਜ ਹੀ ਨੇੜਤਾ ਦੀ;
ਨਹੀਂ ਇਹ ਉਹਲਿਆਂ ਵਿਚ, ਫ਼ਾਸਲੇ ਵਿਚ।

ਮੁਹੱਬਤ ਰੰਗ ਹੈ ਇਕ ਜ਼ਿੰਦਗੀ ਦਾ;
ਰਹੇ ਕਾਇਮ ਸਦਾ ਇਹ ਵਲਵਲੇ ਵਿਚ।

ਸਥਿਰ ਪੈਰੀਂ ਸਦਾ ਹੀ ਸੱਚ ਹੁੰਦੈ;
ਨਹੀਂ ਹਿਲਦਾ ਜ਼ਰਾ ਇਹ ਜ਼ਲਜ਼ਲੇ ਵਿਚ।

ਹਿਯਾਤੀ ਤੋਰ ਅਪਣੀ ਨਾ ਬਦਲਦੀ,
ਸਮੇਂ ਦੇ ਗੇੜ, ਭੈੜੇ ਜਾ ਭਲੇ ਵਿਚ।

ਨਿਡਰਤਾ ਘੂਰਦੀ ਜੋ ਔਕੜਾਂ ਨੂੰ,
ਵਸੇ ਉਹ ਆਦਮੀ ਇੱਕ ਮਨਚਲੇ ਵਿਚ।

ਹਵਾ ਚੁੱਕੀ ਫਿਰੇ ਹਰ ਚੀਜ਼ ਨੂੰ ਹੀ;
ਇਦ੍ਹੇ ਬਿਨ ਕੁਛ ਨਾ ਹੁੰਦਾ ਬੁਲਬੁਲੇ ਵਿਚ!

✪

## ਵੱਜਦੇ ਗੀਤਾਂ ਨੇ

ਰਾਤੀਂ ਚੁੱਪ ਰੁਆਈ, ਵੱਜਦੇ ਗੀਤਾਂ ਨੇ।
ਸ਼ਰਮ ਸੀ ਗਹਿਣੇ ਪਾਈ, ਵੱਜਦੇ ਗੀਤਾਂ ਨੇ।

ਕੰਨਾਂ ਨੂੰ ਰਸਭਿੰਨੇ ਬੋਲ ਹੀ ਭਾਉਣ ਸਦਾ;
ਪਾਈ ਖ਼ੂਬ ਦੁਹਾਈ, ਵੱਜਦੇ ਗੀਤਾਂ ਨੇ।

ਸ਼ਬਦਾਂ ਉਹਲੇ ਗੀਤਾਂ ਦੀ ਰੂਹ ਰੋਂਦੀ ਸੀ;
ਸੰਜਮ ਦੀ ਪਿੱਠ ਲਾਈ, ਵੱਜਦੇ ਗੀਤਾਂ ਨੇ

ਕੰਨਾਂ ਨੂੰ ਸੀ ਚੁਭਦਾ ਉੱਚਾ ਸ਼ੋਰ ਨਿਰਾ;
ਸਭ ਦੀ ਨੀਂਦ ਉਡਾਈ, ਵੱਜਦੇ ਗੀਤਾਂ ਨੇ।

ਬੋਲ ਕਰਾਰੇ ਇੱਟਾਂ ਵਾਂਗੂੰ ਵਰ੍ਹਦੇ ਸਨ;
ਵਿਰਸੇ ਨੂੰ ਅੱਗ ਲਾਈ, ਵੱਜਦੇ ਗੀਤਾਂ ਨੇ।

ਸ਼ਬਦਾਂ 'ਚੋਂ ਖ਼ੁਸ਼ਬੋ ਨਾ ਲੱਭੀ ਭੋਰਾ ਵੀ;
ਕੋਮਲ ਰੂਹ ਤੜਫਾਈ, ਵੱਜਦੇ ਗੀਤਾਂ ਨੇ।

ਕੁੱਲੀ ਛੱਡ ਕੇ ਜਾਣਾ ਵੀ ਤਾਂ ਕਿੱਥੇ ਸੀ!
ਜ਼ੋਰੀਂ ਹਾਰ ਮਨਾਈ, ਵੱਜਦੇ ਗੀਤਾਂ ਨੇ!!

✪

## ਪੇਟ ਤੇ ਹਾਲਾਤ

ਪੇਟ ਭੁੱਖੇ ਕੀ ਕਰਾਂਗੇ ਦੋਸਤੋ ?
ਕੁਛ ਕਰਾਂਗੇ ਜਾਂ ਮਰਾਂਗੇ ਦੋਸਤੋ।

ਪੇਟ ਤੇ ਹਾਲਾਤ ਵਿਚ ਇੱਕ ਜੰਗ ਹੈ;
ਮੁੜ ਲੜਾਂਗੇ ਜੇ ਹਰਾਂਗੇ ਦੋਸਤੋ।

ਜ਼ਿੰਦਗੀ ਇੱਕ ਤੇਜ਼ ਵਹਿੰਦਾ ਹੈ ਵਹਿਣ;
ਕੀ ਤਰਾਂਗੇ ਜੇ ਡਰਾਂਗੇ ਦੋਸਤੋ।

ਹਰ ਵਧੀਕੀ ਜਾਪਦੀ ਲਲਕਾਰਦੀ;
ਫਿਰ ਬਚਾਅ ਨਾ, ਜੇ ਜਰਾਂਗੇ ਦੋਸਤੋ।

ਜ਼ਿੰਦਗੀ ਦੇ ਯੋਗ ਬਣਨਾ ਹੈ ਅਸੀਂ;
ਹਰ ਖ਼ਲਾਅ ਆਪਾਂ ਭਰਾਂਗੇ ਦੋਸਤੋ।

ਅੜ ਸਕੇਗਾ ਕੌਣ ਸਾਡੇ ਸਾਮ੍ਹਣੇ ?
ਹਰ ਮੁਸੀਬਤ ਨੂੰ ਵਰਾਂਗੇ ਦੋਸਤੋ।

ਸਖ਼ਤ ਮਿਹਨਤ ਹੈ ਨਿਸ਼ਾਨੀ ਨਿੱਘ ਦੀ;
ਨਾ ਕਰਾਂਗੇ ਤਾਂ ਠਰਾਂਗੇ ਦੋਸਤੋ!

✪

# ਰੌਸ਼ਨੀ ਦੇ ਰੰਗ

ਰੌਸ਼ਨੀ ਦੇ ਰੰਗ ਹੁੰਦੀ ਜ਼ਿੰਦਗੀ।
ਨੇਰ੍ਹਿਆਂ ਵਿਚ ਨੰਗ ਹੁੰਦੀ ਜ਼ਿੰਦਗੀ।

ਪੂਰਤੀ ਭੁੱਖ ਦੀ ਨਹੀਂ ਹੁੰਦੀ ਅਗਰ,
ਹਾਰ ਚੁੱਕੀ ਜੰਗ ਹੁੰਦੀ ਜ਼ਿੰਦਗੀ।

ਰਿਜ਼ਕ ਜਿਸਦੇ ਕੋਲ ਹੈ, ਉਡਦਾ ਫਿਰੇ;
ਆਦਮੀ ਦੇ ਫੰਗ ਹੁੰਦੀ ਜ਼ਿੰਦਗੀ।

ਬੇਬਸੀ ਦਾ ਨਾਗ ਜਦ ਵੀ ਡੰਗਦੈ,
ਡੰਗ ਜਾਂ ਦੋ ਡੰਗ ਹੁੰਦੀ ਜ਼ਿੰਦਗੀ।

ਪਿਆਰ ਵਿਚ ਖ਼ੁਸ਼ੀਆਂ ਅਗਰ ਹਾਂ ਮਾਣਦੇ,
ਈਰਖਾ ਵਿਚ ਤੰਗ ਹੁੰਦੀ ਜ਼ਿੰਦਗੀ।

ਦੋਸਤੀ ਵਿਚ ਖੋਟ ਨਿਕਲੇ ਜਦ ਕਦੇ,
ਕਹਿਰ ਮਚਦੈ, ਦੰਗ ਹੁੰਦੀ ਜ਼ਿੰਦਗੀ।

ਪੱਥਰਾਂ ਤੋਂ ਰਹਿ ਚੁਕੰਨਾ 'ਵਿਰਕ' ਤੂੰ;
ਕੱਚ ਰੂਪੀ ਵੰਗ ਹੁੰਦੀ ਜ਼ਿੰਦਗੀ।

✪

## ਰਿਸ਼ਤਿਆਂ ਦੀ ਹੱਤਕ

ਜਦ ਰਿਸ਼ਤਿਆਂ ਦੀ ਹੱਤਕ, ਅਪਣੇ ਹੀ ਘਰ 'ਚ ਹੋਈ,
ਸਾਹਸ ਦੀ ਬੇਬਸੀ ਸੀ, ਕਿਧਰੇ ਮਿਲੀ ਨਾ ਢੋਈ!

ਫ਼ਲ ਹੀ ਤਮਾਮ ਕੀਤੇ, ਦੇਖੇ ਨਾ ਕੱਚੇ, ਪੱਕੇ;
ਭਾੜੇ ਦੇ ਟੱਟੂਆਂ ਨੇ, ਲਾਹੀ ਜਦੋਂ ਸੀ ਲੋਈ।

ਸਾਡੇ ਮੁਹਾਣਿਆਂ ਨੇ, ਵਿਸ਼ਵਾਸਘਾਤ ਕੀਤਾ;
ਪੂਰੀ ਭਰੀ ਭਰਾਈ, ਬੇੜੀ ਉਨ੍ਹਾਂ ਡਬੋਈ।

ਕਿਸ ਨੂੰ ਪੁਕਾਰਦੇ ਦਿਲ, ਸੁਣਨੀ ਕਿਸੇ ਨੇ ਕੀ ਸੀ!
ਰਾਖਾ ਹੀ ਦੈਂਤ ਬਣਿਆਂ, ਢਾਉਂਦਾ ਸੀ ਜ਼ੁਲਮ ਸੋਈ!!

ਜਿਸ ਲੇਰ ਦਾ ਕਿਸੇ ਦੇ ਦਿਲ 'ਤੇ ਅਸਰ ਨਾ ਹੋਇਆ,
ਉਹ ਸ਼ਰਮਸਾਰ ਹੋ ਕੇ, ਧਰਤੀ 'ਚ ਹੀ ਸਮੋਈ।

ਕੋਈ ਪਸੀਜਿਆ ਨਾ, ਹੋਏ ਜ਼ਮੀਰ ਪੱਥਰ;
ਬੇ-ਆਬਰੂ ਮਨੁੱਖਤਾ, ਫਿਰ ਜ਼ਾਰ ਜ਼ਾਰ ਰੋਈ।

ਇਨਸਾਫ਼ ਟਾਲ਼ਦੇ ਨੇ, ਕਰਕੇ ਹਰੇਕ ਹੀਲਾ;
ਲਗਦੈ ਉਨ੍ਹਾਂ ਨੂੰ ਜਿੰਦਾਂ, ਮਰਿਆ ਨਹੀਂ ਸੀ ਕੋਈ!

✪

## ਇੱਕ ਸ਼ਰਤ ਹੈ ਜ਼ਰੂਰੀ

ਸਨਮੁਖ ਹਨ੍ਹੇਰਿਆਂ ਦੇ ਬਿਲਕੁਲ ਨਾ ਖ਼ੌਫ਼ ਖਾਓ।
ਤੁਰਦੇ ਚਲੋ ਸਫ਼ਰ ’ਤੇ ਹਿੰਮਤ ਨਾ ਹਾਰ ਜਾਓ।

ਤਾਕਤ ਦੇ ਧਾਰਕਾਂ ਨੇ, ਹੈਂਕੜ ਸਦਾ ਪੁਗਾਈ;
ਹੁਣ ਵਕਤ ਆ ਗਿਆ ਹੈ, ਅਪਣੀ ਤੁਸੀਂ ਪੁਗਾਓ।

ਉਹ ਮਾਲਕੀ ਤੁਹਾਡੀ, ਕਹਿੰਦੇ ਨੇ ‘ਵੋਟ’ ਜਿਸ ਨੂੰ;
ਮਰਜ਼ੀ ਜਿਹਨੂੰ ਹਰਾਓ, ਮਰਜ਼ੀ ਜਿਹਨੂੰ ਜਿਤਾਓ।

ਇੱਕ ਸ਼ਰਤ ਹੈ ਜ਼ਰੂਰੀ, ਅਖਲਾਕ ਤੋਂ ਡਿਗੋ ਨਾ;
ਮੰਤਰ ਇਸੇ ਸਹਾਰੇ, ਜੋ ਚਿਤਵਿਆ ਸੋ ਪਾਓ।

ਜਿਸਦੇ ਇਸ਼ਾਰਿਆਂ ’ਤੇ ਨੱਚਦੇ ਰਹੇ ਸਦਾ ਤੋਂ,
ਅਪਣੇ ਇਸ਼ਾਰਿਆਂ ’ਤੇ ਉਸਨੂੰ ਤੁਸੀਂ ਨਚਾਓ।

ਕਮਜ਼ੋਰੀਆਂ ਤੁਹਾਡੀ, ਤਾਕਤ ਉਨ੍ਹਾਂ ਨੂੰ ਬਖ਼ਸ਼ੀ;
ਜਾਗੋ ਕਿ ਹੁਣ ਸਮਾਂ ਹੈ, ਕਮਜ਼ੋਰ ਨਾ ਕਹਾਓ।

ਏਕੇ ਦੀ ਘਾਟ ਦਾ ਹੀ, ਸ਼ੈਤਾਨ ਲਾਭ ਲੈਂਦਾ;
ਹੁਣ ਏਕਤਾ ਸਹਾਰੇ, ਹਸਤੀ ਉਦ੍ਹੀ ਮਿਟਾਓ।

✪

## ਧੋਖੇਬਾਜ਼ਾਂ ਨੂੰ

ਧੋਖੇਬਾਜ਼ਾਂ ਨੂੰ ਪਤਵੰਤੇ ਕਹਿੰਦੇ ਨੇ,
ਲੋਕੀ ਐਵੇਂ ਝੂਠ ਬੋਲਦੇ ਰਹਿੰਦੇ ਨੇ।

ਲੋਕਾਂ ਦੇ ਹੀ ਅੱਖੀਂ ਘੱਟਾ ਪਾਉਣ ਸਦਾ;
ਐਪਰ ਲੀਡਰ ਨਾ ਢਾਹੁੰਦੇ ਨਾ ਢਹਿੰਦੇ ਨੇ।

ਇੱਟ ਘੜੇ ਦਾ ਵੈਰ ਵਧਾਇਆ ਲੋਕਾਂ ਵਿਚ,
ਆਪ ਤਾਂ ਲੀਡਰ 'ਕੱਠੇ ਉਠਦੇ ਬਹਿੰਦੇ ਨੇ।

ਜੀਣਾ ਦੁੱਭਰ ਹੋਇਆ ਦੇਖ ਗ਼ਰੀਬਾਂ ਦਾ;
ਮਾਇਆ ਦੇ ਦਰਿਆ ਯੂਰਪ ਵੱਲ ਵਹਿੰਦੇ ਨੇ।

ਚੌਂਵੀ ਘੰਟੇ ਸਾਡੀ ਖਿੱਲੀ ਉਡਦੀ ਹੈ;
ਸੂਰਜ, ਚੰਨ, ਸਿਤਾਰੇ ਚੜ੍ਹਦੇ ਲਹਿੰਦੇ ਨੇ।

ਗ਼ਰਜ਼ਾਂ ਮਾਰੇ ਲਗਦੇ ਨੇ ਮਜਬੂਰ ਬੜੇ;
ਤਾਂ ਹੀ ਜਾਬਰ ਨਾਲ ਨਾ ਲੋਕੀ ਖਹਿੰਦੇ ਨੇ।

'ਵਿਰਕ' ਤਾਂ ਕੋਠੇ ਚੜ੍ਹ ਕੇ ਰੌਲ਼ਾ ਪਾਉਂਦਾ ਹੈ,
ਚੁੱਪ-ਚੁਪੀਤੇ ਲੋਕੀ ਦੁੱਖੜੇ ਸਹਿੰਦੇ ਨੇ।

✪

## ਹਨ੍ਹੇਰੀ ਰਾਤ ਰਹਿਣੀ ਹੈ

ਅਗਰ ਆਪਾਂ ਨਹੀਂ ਜਾਗੇ, ਹਨ੍ਹੇਰੀ ਰਾਤ ਰਹਿਣੀ ਹੈ;
ਹਮਾਤੜ ਨਾ ਹਮਾਤੜ ਦੀ, ਕੋਈ ਔਕਾਤ ਰਹਿਣੀ ਹੈ।

ਚੌਕੰਨੇ ਕਰ ਰਹੇ ਸ਼ਾਇਰ, ਮਗਰ ਸੁਣਦਾ ਨਹੀਂ ਕੋਈ;
ਹੁੰਗਾਰੇ ਬਿਨ ਕਿਵੇਂ ਤੁਰਦੀ, ਅਗੇਰੇ ਬਾਤ ਰਹਿਣੀ ਹੈ।

ਗ਼ਰੀਬਾਂ ਦੀ ਅਮਾਨਤ ਵਿਚ ਖ਼ਿਆਨਤ ਹੋ ਰਹੀ ਭਾਰੀ;
ਗ਼ਰੀਬਾਂ ਦੀ ਪਹੁੰਚ ਤੋਂ ਹੀ ਪਰ੍ਹੇ ਸੌਗਾਤ ਰਹਿਣੀ ਹੈ।

ਪਸੀਨੇ ਦਾ ਕਦੇ ਮੁੱਲ ਹੀ ਨਹੀਂ ਪੈਣਾ, ਮਿਰੇ ਲੋਕੋ;
ਅਗਰ ਭਾਰੂ ਹੀ ਜੋਕਾਂ ਦੀ ਕੁਲੱਛਣੀ ਜ਼ਾਤ ਰਹਿਣੀ ਹੈ।

ਦੁਚਿੱਤੀ ਨੂੰ ਯਕੀਨਨ ਹੀ ਕਦੇ ਵੀ ਫ਼ਲ ਨਹੀਂ ਪੈਂਦਾ,
ਇਕਾਗਰ ਮਨ ਨਹੀਂ ਕਰਨਾ, ਤਾਂ ਬਾਜ਼ੀ ਮਾਤ ਰਹਿਣੀ ਹੈ।

ਅਗਰ ਬੇਚੈਨ ਬੰਦੇ ਦੀ ਕਿਸੇ ਨੇ ਬਾਂਹ ਨਹੀਂ ਫੜਨੀ,
ਉਦ੍ਹੀ ਫਿਰ ਆਸ ਮਰ ਜਾਣੀ ਤੇ ਆਤਮਘਾਤ ਰਹਿਣੀ ਹੈ।

ਸ਼ਰਾਰਤ ਹੋ ਰਹੀ ਜਿੱਦਾਂ, ਹਨ੍ਹੇਰਾ ਫ਼ੈਲਦਾ ਜਾਣਾ;
ਸਦਾ ਹੀ ਦੂਰ ਲੋਕਾਂ ਤੋਂ ਇਵੇਂ ਪਰਭਾਤ ਰਹਿਣੀ ਹੈ।

ਅਗਰ ਕੁੜੀਆਂ ਨੂੰ ਕੁੱਖਾਂ ਵਿਚ ਹੀ ਆਪਾਂ ਮਾਰਦੇ ਰਹਿਣਾ,
ਮਦੀਨਾਂ ਤੇ ਨਰਾਂ ਵਿਚ ਫਿਰ ਨਾ ਸਮ-ਅਨੁਪਾਤ ਰਹਿਣੀ ਹੈ।

✪

## ਪੰਜਾਬ 'ਚ ਬਿਪਤਾ ਪਾਉਂਦਾ ਹੈ

ਜਿਹੜਾ ਪਾਣੀ ਦਿੱਲੀ ਨੂੰ ਰੁਸ਼ਨਾਉਂਦਾ ਹੈ,
ਲੋਕਾਂ ਨੂੰ ਪੰਜਾਬ 'ਚ ਬਿਪਤਾ ਪਾਉਂਦਾ ਹੈ!

ਉਹ ਆਪੇ ਨਾਲ ਹੀ ਧੋਖਾ ਦਰਸਾਉਂਦਾ ਹੈ,
ਜਿਹੜਾ ਬੰਦਾ ਭੈੜੇ ਦੇ ਗੁਣ ਗਾਉਂਦਾ ਹੈ।

ਢਿੱਡੋਂ ਭੁੱਖੇ ਦੀ ਆਵਾਜ਼ ਦੁਬਾਉਂਦਾ ਹੈ;
ਪੈਰ ਪੈਰ 'ਤੇ ਹਾਕਮ ਹਿੰਡ ਪੁਗਾਉਂਦਾ ਹੈ!

ਹਰ ਵੇਲੇ ਹੀ ਤਾਣੇ ਨੂੰ ਉਲਝਾਉਂਦਾ ਹੈ;
ਰਹਿਬਰ ਫਿਰ ਵੀ ਦੁੱਧ-ਧੋਤਾ ਅਖਵਾਉਂਦਾ ਹੈ।

ਲੀਡਰ ਜੋ 'ਬਾਹਰ' ਖ਼ਾਤੇ ਖੁਲ੍ਹਵਾਉਂਦਾ ਹੈ,
ਕਾਲਖ ਚਿੱਟੀ ਕਰਕੇ ਮੋੜ ਲਿਆਉਂਦਾ ਹੈ।

ਰੂਪ ਬਦਲ ਕੇ ਧਨ ਜਦ ਵਾਪਸ ਆਉਂਦਾ ਹੈ,
ਲੋਕਾਂ ਦੀ ਮੂਰਖਤਾ ’ਤੇ ਮੁਸਕਾਉਂਦਾ ਹੈ।

ਦੋ ਨੰਬਰ ਸਰਮਾਏ ਉੱਤੇ ਨਿਰਭਰ ਜੋ,
ਚੋਗਾ ਪਾ ਕੇ ਲੋਟੂ ਨੂੰ ਭਰਮਾਉਂਦਾ ਹੈ।

ਚੋਰ ਕਹਾਵੇ, ਮਾਲ ਜੋ ਸਾਂਭੇ ਚੋਰਾਂ ਦਾ;
ਉਲਟਾ ਪਰ ਉਹ ਇੱਜ਼ਤਦਾਰ ਕਹਾਉਂਦਾ ਹੈ।

ਵਿੱਚ ਕਟਹਿਰੇ ਉਸਨੂੰ ਕੌਣ ਬੁਲਾਵੇਗਾ?
ਸਾਨੂੰ ਤਾਂ ਉਹ ਦੋਸ਼ੀ ਠੁੱਠ ਵਿਖਾਉਂਦਾ ਹੈ!

✪

## ਮੁਹੱਬਤ ਇਕ ਤੜਪ

ਜਦੋਂ ਪੰਛੀ ਜਵਾਨੀ ਵਿਚ, ਉਡਾਰੀ ਲਾ ਰਿਹਾ ਹੁੰਦਾ,
ਸੁਭਾਵਿਕ ਹੀ ਮੁਹੱਬਤ ਦਾ ਉਹ ਨਗ਼ਮਾ ਗਾ ਰਿਹਾ ਹੁੰਦਾ।

ਕਿਸੇ ਦਾ ਹੁਸਨ ਖਿੱਚੇਗਾ, ਜਦੋਂ ਅੱਖੀਂ ਨਿਹਾਰਾਂਗੇ;
ਜਿਦ੍ਹੇ ਬੋਲਾਂ 'ਚ ਨਿੱਘ ਹੋਵੇ, ਦਿਲਾਂ ਨੂੰ ਭਾ ਰਿਹਾ ਹੁੰਦਾ।

ਸੁਹੱਪਣ ਜਦ ਜਵਾਨੀ ਦੇ ਨਸ਼ੇ ਵਿਚ ਝੂਮਦਾ ਹੋਵੇ,
ਮੁਹੱਬਤ ਦੇ ਮਰੀਜ਼ਾਂ ਨੂੰ ਸਦਾ ਭਰਮਾ ਰਿਹਾ ਹੁੰਦਾ।

ਬਗੀਚੇ ਵਿਚ ਕੋਈ ਖਿੜਦੀ ਕਲੀ ਖ਼ੁਸ਼ਬੋ ਜਦੋਂ ਵੰਡੇ,
ਕੋਈ ਤੀਬਰ ਜਿਹਾ ਜਜ਼ਬਾ ਦਿਲਾਂ 'ਤੇ ਛਾ ਰਿਹਾ ਹੁੰਦਾ।

ਪਲ੍ਹੇ ਇਕ ਬਾਗ਼ ਵਿਚ ਭਾਵੇਂ, ਇਹੀ ਫੁੱਲਾਂ ਦੀ ਹੋਣੀ ਹੈ;
ਕੋਈ ਮਹਿਕੇ ਜਦੋਂ ਟਹਿਕੇ, ਕੋਈ ਮੁਰਝਾ ਰਿਹਾ ਹੁੰਦਾ।

ਹਯਾਤੀ ਵਿਚ ਰਹੇ ਦਿੰਦਾ, ਸਦਾ ਹੀ ਹੌਸਲਾ ਸਾਨੂੰ;
ਸੁਹੱਪਣ ਹੀ ਸਦਾ ਜਜ਼ਬੇ ਅਸਾਡੇ ਤਾਅ ਰਿਹਾ ਹੁੰਦਾ।

ਮੁਹੱਬਤ ਇਕ ਤੜਪ ਸਮਝੋ, ਜੋ ਸਾਹਾਂ ਨਾਲ ਬੱਝੀ ਹੈ;
ਤੜਪਦਾ ਹੈ ਕੋਈ ਏਥੇ, ਕੋਈ ਤੜਫਾ ਰਿਹਾ ਹੁੰਦਾ!

✪

## ਗ਼ਰੀਬਾਂ ਵਾਸਤੇ

ਲੁਟੇਰਾ ਪੇਸ਼ ਆਉਂਦਾ ਹੈ, ਜਿਵੇਂ ਸਰਕਾਰ ਹੀ ਹੋਵੇ;
ਭੁਲੇਖਾ ਪਾ ਰਿਹਾ ਹੁੰਦਾ, ਜਿਵੇਂ ਗ਼ਮਖਾਰ ਹੀ ਹੋਵੇ।

ਗ਼ਰੀਬਾਂ ਵਾਸਤੇ ਬਣਦੀ ਨਹੀਂ ਏਥੇ, ਕੋਈ ਪੌੜੀ;
ਧਨੀ ਚਾਹੁੰਦੈ : ਚੁਬਾਰੇ ਵਿਚ ਸਦਾ ਜ਼ਰਦਾਰ ਹੀ ਹੋਵੇ

ਜਿਨ੍ਹਾਂ ਦੀ ਸੋਚ ਵਿਚ ਵਸਿਆ ਸਦਾ ਸਰਦਾਰੀਆਂ ਕਰਨਾ,
ਇਹੀ ਚਾਹੁੰਦੇ, ਉਨ੍ਹਾਂ ਹੱਥੀਂ ਸਦਾ ਪਤਵਾਰ ਹੀ ਹੋਵੇ।

ਜੋ ਰਿਸ਼ਵਤਖੋਰ ਹੁੰਦਾ ਹੈ, ਸਦਾ ਸਰਕਾਰ ਵਿਚ ਰਹਿੰਦਾ;
ਇਵੇਂ ਉਹ ਜਾਪਦਾ ਉਹਦੇ ਗਲ਼ੇ ਦਾ ਹਾਰ ਹੀ ਹੋਵੇ।

ਕੋਈ ਰਹਿਬਰ ਕੋਈ ਮਸਲਾ ਜਦੋਂ ਉਲਝਾ ਰਿਹਾ ਹੁੰਦਾ,
ਇਹ ਲੋਕਾਂ ਵਾਸਤੇ ਜਿੱਦਾਂ ਕੋਈ ਦੁਰਕਾਰ ਹੀ ਹੋਵੇ।

ਕੋਈ ਰੁੱਖ ਲੋਕ ਜਦ ਲਾਉਂਦੇ, ਉਦ੍ਹੀ ਛਾਂ ਮਾਣਦੇ ਰਹਿਬਰ;
ਉਹ ਲੋਕਾਂ ਵਾਸਤੇ ਭਾਵੇਂ, ਬਹੁਤ ਦਰਕਾਰ ਹੀ ਹੋਵੇ।

ਪਬੰਦੀ ਲਾ ਦਿਓ ਪੱਕੀ ਕਿ ਪਤਝੜ ਵੜ ਨਹੀਂ ਸਕਦੀ;
ਬਗ਼ੀਚੇ ਵਿਚ ਸਦਾ ਖਿੜਦੀ ਕੋਈ ਗੁਲਜ਼ਾਰ ਹੀ ਹੋਵੇ।

✪

## ਤੁਸੀਂ ਹੀ ਜਣੇ ਨੇ

ਤੁਹਾਡੇ ’ਚੋਂ ਉੱਠੇ, ਤੁਸੀਂ ਹੀ ਜਣੇ ਨੇ;
ਇਹ ਲੀਡਰ ਤੁਹਾਡੇ ਬਣਾਏ ਬਣੇ ਨੇ।

ਤੁਸੀਂ ਹੀ ਤਾਂ ਸਿਰ ’ਤੇ ਚੜ੍ਹਾਇਆ ਇਨ੍ਹਾਂ ਨੂੰ;
ਇਹ ਤਾਹੀਂ ਤਾਂ ਨੱਕੀਂ ਚਬਾਉਂਦੇ ਚਣੇ ਨੇ।

ਘਰੇਲੂ ਇਹ ਬਿੱਲੀ, ਘਰੇ ਹੀ ਮਿਆਓਂ;
ਤੁਹਾਡੇ ’ਤੇ ਮੁੱਕੇ, ਤੁਹਾਡੇ ਤਣੇ ਨੇ।

ਇਨ੍ਹਾਂ ਨੇ ਬਣਾਈ ਹੈ ਲੋਕਾਂ ਤੋਂ ਦੂਰੀ;
ਭੁਲਾਏ ਨੇ ਲੋਕੀ ਜਾਂ ਸੋਚੋਂ ਛਣੇ ਨੇ।

ਤੁਸੀਂ ਜੇ ਅਜੇ ਵੀ ਸੁਧਾਰੀ ਨਾ ਗ਼ਲਤੀ,
ਮੁਸੀਬਤ ਦੇ ਬੱਦਲ ਤਾਂ ਛਾਉਣੇ ਘਣੇ ਨੇ।

## ਮਾਰੂਥਲ ਵਿਚ

ਮਾਰੂਥਲ ਵਿਚ ਕੋਈ ਝਿੜੀ ਹੋਵੇ;
ਜ਼ਿੰਦਗੀ ਦੀ ਕਲੀ ਖਿੜੀ ਹੋਵੇ।

ਪਿਆਰ ਦਾ ਚੋਗ ਤੂੰ ਚੁਗਾ ਉਸਨੂੰ,
ਉਹ ਕੁੜੀ ਜਾਂ ਕੋਈ ਚਿੜੀ ਹੋਵੇ।

ਹੋ ਸਕੇ ਯਾਰ ਦਾ ਦਿਦਾਰ ਕਿਵੇਂ!
ਘਰ ਦੀ ਬਾਰੀ ਅਗਰ ਭਿੜੀ ਹੋਵੇ!!

ਨੱਕ 'ਚ ਕੋਕਾ ਕਿਸੇ ਹੁਸੀਨਾ ਦੇ
ਹੁਸਨ-ਖਿੱਦੋ 'ਤੇ ਜਿਉਂ ਪਿੜੀ ਹੋਵੇ।

ਕੌਣ ਡੂੰਘਾ ਕਿਸੇ 'ਚ ਲਹਿੰਦਾ ਹੈ?
ਪਿਆਰ ਦੀ ਧੁਨ ਜਦੋਂ ਛਿੜੀ ਹੋਵੇ।

ਘਰ ਨੂੰ ਖ਼ਤਰਾ ਸਦਾ ਹੀ ਰਹਿੰਦਾ ਹੈ,
ਪਿਆਰ ਦੀ ਕੰਧ ਜੇ ਤਿੜੀ ਹੋਵੇ।

ਖੂਹ 'ਚ ਡਿਗਣਾ ਤਾਂ ਡਿਗ ਪਵੋ ਬੇਸ਼ੱਕ,
ਬੋਲ ਮੇਰੇ ਜਿਵੇਂ ਕਿੜੀ ਹੋਵੇ।

✪

## ਭੱਠ ਪਵੇ ਉਹ ਸੋਨਾ

ਭਾਈਵਾਲਾਂ ਵਿਚ ਨਾ ਦਿਸਦੀ ਸਾਂਝ ਵਿਚਾਰਾਂ ਦੀ;
ਕੁਰਸੀ ਸਾਂਭਣ ਦੀ ਹੀ ਚਾਲ ਹੈ ਕੁਝ ਪਰਵਾਰਾਂ ਦੀ!

ਲੋਕ ਗ਼ਰੀਬੀ ਮਾਰੇ ਨੇ, ਚਲਦੀ ਜ਼ਰਦਾਰਾਂ ਦੀ;
ਲੋਕਾਂ ਦਾ ਹੈ ਮਾਲ ਤੇ ਚਾਂਦੀ ਠੇਕੇਦਾਰਾਂ ਦੀ!

ਉਸਨੂੰ ਫ਼ਿਕਰ ਨਹੀਂ ਕਿ ਪਰਜਾ ਢਿੱਡੋਂ ਭੁੱਖੀ ਹੈ;
ਲੋੜ ਜ਼ਰੂਰੀ ਸਮਝੇ ਜੋ ਮਾਰੂ ਹਥਿਆਰਾਂ ਦੀ।

ਬਿਰਤੀ ਉਸਦੀ ਲੋਕ-ਮਸਲਿਆਂ ਵਿਚ ਖੁੱਭੇ ਕਿੱਦਾਂ?
ਚਿੰਤਾ ਜਿਸਨੂੰ ਹੈ ਇੱਕ ਖੇਡ 'ਚ ਜਿੱਤਾਂ ਹਾਰਾਂ ਦੀ।

ਲਾਲਚ-ਵਸ ਵਿਕ ਜਾਂਦੇ ਨੇ ਲੋਕੀ ਭੋਲ੍ਹੇ-ਭਾਲ੍ਹੇ;
ਅਣਹੋਂਦ ਬੜੀ ਹੀ ਖਟਕੇ ਉੱਚੇ ਕਿਰਦਾਰਾਂ ਦੀ।

ਲੋਹਾ ਲੈਣਾ ਪੈਂਦਾ, ਨੱਥ ਵੀ ਪਾਉਣੀ ਪੈਂਦੀ ਹੈ;
ਭੂਤਰ ਜਾਂਦੀ ਹੈ ਜਦ ਵੀ ਟੋਲੀ ਗ਼ੱਦਾਰਾਂ ਦੀ।

'ਸਿਰ' ਨੂੰ ਸੌਂਪੋ ਅਗਵਾਈ ਇਸ ਨਾਜ਼ੁਕ ਮੌਕੇ 'ਤੇ;
ਲੋੜ ਨਾ ਤਕੜੇ ਜੁੱਸੇ ਦੀ, ਨਾ ਹੀ ਤਲਵਾਰਾਂ ਦੀ।

ਭੱਠ ਪਵੇ ਉਹ ਸੋਨਾ ਜੋ ਕੰਨਾਂ ਨੂੰ ਖਾਂਦਾ ਹੈ;
ਲੋੜ ਕੋਈ ਨਾ ਸਾਨੂੰ ਅੱਜ ਕਪਟੀ ਸਰਕਾਰਾਂ ਦੀ।

✪

## ਜੋਕਾਂ ਨੇ

ਲੋਕਾਂ ਉੱਤੇ ਕਹਿਰ ਜੋ ਢਾਇਆ ਜੋਕਾਂ ਨੇ,
ਖ਼ੂਨ ਹੀ ਸਾਰਾ ਚੂਸ ਮੁਕਾਇਆ ਜੋਕਾਂ ਨੇ!

ਪਹਿਲਾਂ ਤਾਂ ਇਕ ਹਦ ਤਕ ਸੀਮਤ ਮਾਰ ਰਹੀ;
ਹੁਣ ਪਰ ਲੰਮਾ ਹੱਥ ਵਧਾਇਆ ਜੋਕਾਂ ਨੇ।

ਸਾਹ-ਸਤਹੀਣ ਬਣਾਇਆ ਸਭ ਮਜ਼ਲੂਮਾਂ ਨੂੰ;
ਜੋ ਮਨ ਆਇਆ, ਕਰ ਵਿਖਲਾਇਆ ਜੋਕਾਂ ਨੇ।

ਹੱਥ ਅੱਡਣ 'ਤੇ ਲਾਠੀ ਉਸ 'ਤੇ ਵਰ੍ਹਦੀ ਹੈ;
ਭੁੱਖ-ਨਿਭਾਣਾ ਹੋਰ ਸਤਾਇਆ ਜੋਕਾਂ ਨੇ।

ਬਾਲ-ਵਰੇਸੇ ਸੁੱਕੇ ਪਿੰਜਰ ਦਿਸਦੇ ਹਨ;
ਹਾਏ, ਹਾਏ, ਰੱਬ ਭੁਲਾਇਆ ਜੋਕਾਂ ਨੇ।

ਫ਼ਰਜ਼ਾਂ ਦੀ ਤਾਂ ਪੰਡ ਚੁਕਾਈ ਲੋਕਾਂ ਨੂੰ;
ਅਪਣੇ ਸਿਰ ਤੋਂ ਭਾਰ ਹਟਾਇਆ ਜੋਕਾਂ ਨੇ।

ਜ਼ਾਲਮ ਹਰ ਪਲ ਸੰਘੀ ਘੁੱਟਣ ਲੋਕਾਂ ਦੀ;
ਹਮਦਰਦੀ ਦਾ ਅਕਸ ਮਿਟਾਇਆ ਜੋਕਾਂ ਨੇ।

✪

## ਰੁੱਕਾ

ਕਿਸੇ ਨੂੰ ਜਦ ਕਦੇ ਮਿਲਦੈ, ਉਦ੍ਹੇ ਦਿਲਦਾਰ ਦਾ ਰੁੱਕਾ,
ਬੜੀ ਤਸਕੀਨ ਦਿੰਦਾ ਹੈ, ਰਿਦ੍ਹੇ ਨੂੰ ਠਾਰਦਾ ਰੁੱਕਾ।

ਤਮੰਨਾ ਤਾਂ ਰਹੇ ਸਾਡੀ ਕਿ ਆਉਂਦਾ ਹੀ ਰਹੇ ਸਾਨੂੰ,
ਸਦਾ ਹੀ ਚਾਸ਼ਣੀ ਭਰਿਆ, ਮੁਹੱਬਤ ਪਿਆਰ ਦਾ ਰੁੱਕਾ।

ਉਹੀ ਤਨ ਮਨ ਖਿੜਾਉਂਦਾ ਹੈ, ਭਰਮ ਸਭ ਤੋੜਦਾ ਸਾਡੇ,
ਮੁਹੱਬਤ ਵਿਚ ਜੋ ਮਿਲਦਾ ਹੈ, ਕਿਸੇ ਇਜ਼ਹਾਰ ਦਾ ਰੁੱਕਾ।

ਪਤਾ ਸਾਨੂੰ ਨਹੀਂ ਹੁੰਦਾ: ਕਿਸੇ ਦਾ ਕੀ ਮੁਕੱਦਰ ਹੈ;
ਕਿਸੇ ਨੂੰ ਡੋਬਦਾ ਰੁੱਕਾ, ਕਿਸੇ ਨੂੰ ਤਾਰਦਾ ਰੁੱਕਾ।

ਇਹ ਖੋਲ੍ਹਣ ’ਤੇ ਪਤਾ ਲਗਦਾ ਕਿ ਇਸ ਵਿਚ ਰਾਜ਼ ਕਿਹੜਾ ਹੈ;
ਕੋਈ ਮੰਗੇ ਕਦੇ ਮਾਫ਼ੀ, ਕੋਈ ਲਲਕਾਰਦਾ ਰੁੱਕਾ।

ਜਦੋਂ ਸਾਡੇ ਮਨਾਂ ਅੰਦਰ ਮਚੀ ਹੋਵੇ ਕੋਈ ਹਲਚਲ,
ਦਿਲਾਂ ਦਾ ਆਸਰਾ ਬਣਦਾ, ਉਦੋਂ ਗ਼ਮਖ਼ਾਰ ਦਾ ਰੁੱਕਾ।

ਉਹ ਮਿੱਟੀ ਵਿਚ ਬਦਲ ਜਾਂਦਾ, ਕੋਈ ਹਰਕਤ ਨਹੀਂ ਰਹਿੰਦੀ;
ਕਿਸੇ ਨੂੰ ਵੀ ਜਦੋਂ ਆਉਂਦੈ, ਧੁਰੋਂ ਕਰਤਾਰ ਦਾ ਰੁੱਕਾ।

✪

## ਮੇਰੀ ਚੁੱਪ ਵਿਚ

ਮੇਰੀ ਚੁੱਪ ਵਿਚ ਸੀ ਬੁਲਾਰਾ ਕੋਈ ਤਾਂ।
ਹਿਯਾਤੀ ਨੂੰ ਮਿਲਿਆ ਹੁੰਗਾਰਾ ਕੋਈ ਤਾਂ।

ਗ਼ਮੀਂ ਵਿਚ ਖ਼ੁਸ਼ੀ ਦੀ ਝਲਕ ਵੀ ਮਿਲੀ ਹੈ;
ਸਦਾ ਮਿਲ ਰਿਹਾ ਹੈ ਸਹਾਰਾ ਕੋਈ ਤਾਂ।

ਕੋਈ ਯਾਦ ਮੈਨੂੰ ਲੁਭਾਵੇ, ਮਚਾਵੇ;
ਸਦਾ ਪੂਰਦਾ ਹੈ ਖ਼ਸਾਰਾ ਕੋਈ ਤਾਂ।

ਕੋਈ ਯਾਦ ਮੈਨੂੰ ਕਲਾਵੇ ’ਚ ਰਖਦੀ;
ਮੇਰੇ ਕੋਲ ਬਚਿਆ ਹੁਲਾਰਾ ਕੋਈ ਤਾਂ।

ਬਗ਼ੀਚੇ ’ਚ ਫੁੱਲਾਂ ਦਾ ਖੇੜਾ ਲੁਭਾਉਂਦੈ;
ਮੇਰੇ ਵਾਸਤੇ ਹੈ ਨਜ਼ਾਰਾ ਕੋਈ ਤਾਂ।

ਮੈਂ ਸਹਿਣੀ ਸੀ ਪੀੜਾ ਸਰਾਪੇ ਪਲਾਂ ਦੀ;
ਮੁਹੱਬਤ ਸੀ ਹੋਣੀ ਗਵਾਰਾ ਕੋਈ ਤਾਂ।

ਹਿਯਾਤੀ ਗੁਜ਼ਾਰਾਂ ਮੈਂ ਜਿਸਦੇ ਸਹਾਰੇ,
ਬੜਾ ਖ਼ੂਬਸੂਰਤ ਹੈ ਲਾਰਾ ਕੋਈ ਤਾਂ।

✪

## ਸਦਕੇ ਜਾਵਾਂ

ਨਾ ਭੱਠੀਆਂ ਨਾ ਆਭੂ ਮਿਲਦੇ!
ਗੁੱਭ-ਗੁਲਾਟ ਨਾ ਨਿਕਲਣ ਦਿਲ ਦੇ!!

ਪੀੜ ਨਾ ਦਿਲ ਤੋਂ ਝੱਲੀ ਜਾਂਦੀ,
ਯਾਦਾਂ ਦੇ ਜਦ ਨਸ਼ਤਰ ਛਿਲਦੇ।

ਖੱਬੀ-ਖਾਂ ਵੀ ਹੋਣ ਦਿਵਾਨੇ,
ਬਾਂਕੇ ਨੈਣਾਂ ਦੀ ਝਿਲਮਿਲ ਦੇ!

ਸਾਰੇ ਹੀ ਗੁਣ ਗਾਉਂਦੇ ਲੋਕੀ,
ਗੋਰੇ ਚਿਹਰੇ ਉੱਤੇ ਤਿਲ ਦੇ।

ਆਸ਼ਕ ਬੇ-ਪਰਵਾਹ ਹੁੰਦੇ ਨੇ;
ਰਹਿੰਦੇ ਉਹ ਕੱਚਿਆਂ 'ਤੇ ਠਿਲ੍ਹਦੇ।

ਭਲਕ ਸੁਨਹਿਰਾ ਸਿਰਜਣ ਕਿੰਜ?
ਆਦੀ ਜਿਹੜੇ ਹੁੰਦੇ ਜਿਲ੍ਹ ਦੇ

ਸਿੱਟਾ ਭਾਵੇਂ ਕੁਛ ਵੀ ਨਿਕਲੇ,
ਸਦਕੇ ਜਾਵਾਂ ਲਾਈ ਟਿੱਲ ਦੇ!

✪

## ਸ਼ਬਦਾਂ ਦੀ ਬੂਟੀ

ਸ਼ਾਇਰ ਜਦ ਸ਼ਬਦਾਂ ਦੀ ਬੂਟੀ ਪਾਉਂਦੇ ਨੇ,
ਚੂੰਢੀ ਭਰ ਕੇ ਜੋਕਾਂ ਨੂੰ ਤੜਫਾਉਂਦੇ ਨੇ।

ਅਣਖੀ ਮਰਦ ਹਮੇਸ਼ਾ ਬੋਲ ਪੁਗਾਉਂਦੇ ਨੇ
ਝੱਖੜ ਝੋਲੇ ਵਿੱਚ ਵੀ ਢੋਲੇ ਗਾਉਂਦੇ ਨੇ

ਲੋਕ ਜਦੋਂ ਵੀ ਨੀਂਦ-ਨਦੀ ਵਿੱਚ ਨਹਾਉਂਦੇ ਨੇ,
ਜੋ ਕੁਛ ਪੱਲੇ ਹੁੰਦੈ, ਆਪ ਲੁਟਾਉਂਦੇ ਨੇ।

ਲੋਕਾਂ ਵਿਚ ਨਾ ਏਕਾ ਨਜ਼ਰੀਂ ਆਉਂਦਾ ਹੈ;
ਲੁੱਟਣ ਵਾਲੇ ਸਾਰੇ ਹੱਥ ਮਿਲਾਉਂਦੇ ਨੇ।

ਜੋਕਾਂ ਅੱਗੇ ਪੇਸ਼ ਨਾ ਜਾਂਦੀ ਲੋਕਾਂ ਦੀ,
ਭਾਵੇਂ ਲੋਕੀ ਸੁਪਨੇ ਬੜੇ ਸਜਾਉਂਦੇ ਨੇ।

ਬੇਸ਼ਰਮੀ ਦੀ ਟੀਸੀ ਉੱਤੇ ਬੈਠੇ ਜੋ,
ਉਂਗਲ ਉੱਠਣ ਤੋਂ ਵੀ ਨਾ ਘਬਰਾਉਂਦੇ ਨੇ।

ਬੇ-ਪੀਰ ਮਲਾਹ ਤਾਂ ਭੁੱਖੇ ਲਗਦੇ ਅੰਤਾਂ ਦੇ;
ਜਨਮਾਂ ਜਨਮਾਂ ਦੀ ਹੀ ਭੁੱਖ ਮਿਟਾਉਂਦੇ ਨੇ।

ਰਹਿਬਰ ਬਣ ਕੇ ਸੇਵਾ ਦਾ ਵਲ ਭੁੱਲ ਜਾਂਦੈ;
ਲੁੱਟਣ ਦਾ ਹੀ ਧੰਦਾ ਫਿਰ ਅਪਣਾਉਂਦੇ ਨੇ।

✪

## ਕਾਰਡ (ਸੱਦਾ-ਪੱਤਰ)

ਲੇਖਕ ਜਦ ਕਾਰਡ ’ਤੇ ਰੋਸ ਜਤਾ ਦਿੰਦੇ,
ਉਸ ਵਿਚ ਗੁੰਦੇ ਭਾਵਾਂ ਨੂੰ ਠੁਕਰਾ ਦਿੰਦੇ।

ਕੋਈ ਕਹਿੰਦਾ ਤਾਂ ਦੁਲਹਨ ਵਾਂਗ ਸਜਾ ਦਿੰਦੇ;
ਸਾਦਾ ਕਾਰਡ ਸੋਨੇ ਵਿੱਚ ਮੜ੍ਹਾ ਦਿੰਦੇ।

ਕਾਰਡ ਦਾ ਕੰਮ ਸੱਦਾ ਦੇਣਾ ਹੁੰਦਾ ਹੈ;
ਕੋਈ ਕਹਿੰਦਾ ਤਾਂ ਪਾਰਸ ਨਾਲ ਛੁਹਾ ਦਿੰਦੇ।

ਕਾਰਡ ’ਚੋਂ ਖ਼ੁਸ਼ਬੂ ਜੇ ਉਸਨੇ ਲੈਣੀ ਸੀ,
ਕਾਰਡ ਨੂੰ ਗੇਂਦੇ ਦੀ ਪੇਂਦ ਚੜ੍ਹਾ ਦਿੰਦੇ।

ਜੇਕਰ ਉਸ ਨੂੰ ਸਾਦਾਪਨ ਵੀ ਭਾਉਂਦਾ ਨਈਂ,
ਕਾਰਡ ਦੇ ਵੀ ਹਾਰ-ਸ਼ਿੰਗਾਰ ਲੁਆ ਦਿੰਦੇ।

ਲੋਕਾਂ ਦੀ ਗੱਲ ਕਰਕੇ ਸਾਨੂੰ ਮਾਣ ਮਿਲੇ;
ਕੀਮਤ ਪੈਂਦੀ ਨਾ ਜਦ ਲੋਕ ਭੁਲਾ ਦਿੰਦੇ।

ਨੀਵਾਂ ਰਹਿ ਕੇ ਮਾਣ ਉਨ੍ਹਾਂ ਦਾ ਕਰਿਆ ਕਰ,
ਕੀਤੇ ਬਦਲੇ ਜਿਹੜੇ ਲੋਕ ਦੁਆ ਦਿੰਦੇ।

✪